

ਉਮਰ ਦੇ ਅਨੁਕੂਲ Darebin ਵੱਲ

ਡਰਾਫਟ ਰਿਪੋਰਟ – ਸਾਰਾਂਸ਼ ਅਪ੍ਰੈਲ 2019

ਇਹ ਸਾਰਾਂਸ਼ ਉਮਰ ਦੇ ਅਨੁਕੂਲ **Darebin** ਡਰਾਫਟ ਰਿਪੋਰਟ ਦਾ ਸੰਖੇਪ ਹੈ, ਜਿਸ ਨੂੰ ਇੱਕ ਸੁਤੰਤਰ ਮਾਹਰ ਪੈਨਲ ਦੁਆਰਾ ਬਣਾਇਆ ਅਤੇ **Darebin** ਕੌਂਸਿਲ ਕੋਲ ਪੇਸ਼ ਕੀਤਾ ਗਿਆ ਸੀ। ਇਸ ਰਿਪੋਰਟ ਦੇ ਲੇਖਕ ਅਤੇ ਪੈਨਲ ਮੈਂਬਰ **Dr Rhonda Galbally** ਅਤੇ **Peter Allen** ਹਨ।

Darebin ਕੌਂਸਿਲ ਨੇ **Home Support services** (ਘਰੇਲੂ ਸਹਾਇਤਾ ਸੇਵਾਵਾਂ) ਵਿੱਚ ਕੇਂਦਰੀ ਸਰਕਾਰ ਦੇ ਪ੍ਰਸਤਾਵਿਤ ਸੁਧਾਰਾਂ ਦੇ ਨਤੀਜੇ ਵਜੋਂ ਇਸ ਸਮੀਖਿਆ ਦਾ ਸੰਚਾਲਨ ਕਰਨ ਲਈ ਪੈਨਲ ਨੂੰ ਅਧਿਕ੍ਰਿਤ ਕੀਤਾ ਹੈ।



Rhonda Galbally

Rhonda ਜਨਤਕ ਸਿਹਤ ਅਤੇ ਭਾਈਚਾਰਕ ਖੇਤਰਾਂ ਵਿੱਚ ਉਸ ਦੀ ਅਗਵਾਈ ਲਈ, ਅਤੇ ਅਪਾਹਜਤਾ ਵਾਲੇ ਲੋਕਾਂ ਲਈ ਇੱਕ ਵਕੀਲ ਦੇ ਰੂਪ ਵਿੱਚ ਮਸ਼ਹੂਰ ਹੈ। ਉਹ ਕੋਲ ਬਹੁਤ ਸਾਰੇ ਉੱਘੇ ਅਹੁਦੇ ਹਨ ਜਿਨ੍ਹਾਂ ਵਿੱਚ the Victorian Health Promotion Foundation (ਵਿਕਟੋਰੀਅਨ ਹੈਲਥ ਪ੍ਰੋਮੋਸ਼ਨ ਫਾਉਂਡੇਸ਼ਨ) (VicHealth) ਦੀ CEO, Our Community Pty Ltd (ਅਵਰ ਕਮਿਊਨਿਟੀ ਪ੍ਰਾ. ਲਿ.) ਦੀ ਸਹਿ-ਸੰਸਥਾਪਕ ਅਤੇ CEO, the Chair of the Royal Women's Hospital (ਚੇਅਰ ਆਫ ਰੌਇਲ ਵਿਮੇਨ'ਜ਼ ਹਸਪਤਾਲ), the Chair of the National People with Disability and Carers Council (ਚੇਅਰ ਆਫ ਨੈਸ਼ਨਲ ਪੀਪਲ ਵਿਦ ਡਿਸਏਬਿਲਿਟੀ ਅਤੇ ਕੇਅਰਰਜ਼ ਕੌਂਸਿਲ), ਅਤੇ the National Disability Insurance Agency (ਨੈਸ਼ਨਲ ਡਿਸਏਬਿਲਿਟੀ ਬੀਮਾ ਏਜੰਸੀ) (NDIA) ਲਈ ਸੁਤੰਤਰ ਸਲਾਹਕਾਰ ਕੌਂਸਿਲ ਦੀ ਪ੍ਰਮੁੱਖ ਬੋਰਡ ਮੈਂਬਰ (ਚੇਅਰ) ਸ਼ਾਮਲ ਹੈ। Dr Galbally ਨੂੰ 2005 ਵਿੱਚ Victorian Honour Roll of Women (ਵਿਕਟੋਰੀਅਨ ਔਨਰ ਰੋਲ ਆਫ ਵਿਮੇਨ) ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ 2012 ਵਿੱਚ ਰਾਸ਼ਟਰੀ ਅਪੰਗਤਾ ਅਵਾਰਡਜ਼ ਵਿਖੇ Prime Minister's Outstanding Achievement Award (ਪ੍ਰਾਈਮ ਮਿਨਿਸਟਰ'ਸ ਆਉਟਸਟੈਂਡਿੰਗ ਅਚੀਵਮੈਂਟ ਅਵਾਰਡ) ਮਿਲਿਆ ਸੀ। 2019 ਵਿੱਚ Rhonda ਨੂੰ ਸਮਾਜਿਕ ਨਿਰਪੱਖਤਾ ਦੀ ਤਰੱਕੀ ਲਈ ਗੌਰਵਸ਼ਾਲੀ ਸੇਵਾ ਲਈ ਆਰਡਰ ਆਫ ਆਸਟ੍ਰੇਲੀਆ ਦਾ ਕੰਪੈਨੀਅਨ (AC) ਨਿਯੁਕਤ ਕੀਤਾ ਗਿਆ ਸੀ, ਖਾਸ ਤੌਰ ਤੇ ਅਪੰਗਤਾ ਵਾਲੇ ਲੋਕਾਂ ਦੀ ਸਿਹਤ ਅਤੇ ਕਲਿਆਣ ਅਤੇ ਭਾਈਚਾਰੇ ਲਈ।



Peter Allen

Peter ਇਸ ਸਮੇਂ Australia and New Zealand School of Government (ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਸਕੂਲ ਆਫ ਗਵਰਨਮੈਂਟ) (ANZSOG) ਵਿਖੇ ਆਧਾਰਿਤ ਹੈ, ਜਿੱਥੇ ਉਹ 2009 ਤੋਂ 2015 ਤਕ ਡਿਪਟੀ ਡੀਨ ਸੀ। ਪਹਿਲਾਂ ਉਹ ਵਿਕਟੋਰੀਅਨ ਪਬਲਿਕ ਸਰਵਿਸ ਵਿੱਚ ਸੀਨੀਅਰ ਅਹੁਦਿਆਂ ਤੇ 20 ਤੋਂ ਵੱਧ ਸਾਲਾਂ ਲਈ ਰਿਹਾ ਜਿੰਨ੍ਹਾਂ ਵਿੱਚ ਸ਼ਾਮਲ ਹਨ the Department of Education and Training (ਸਿਖਿਆ ਅਤੇ ਸਿਖਲਾਈ ਵਿਭਾਗ) ਵਿੱਚ ਸਕੱਤਰ, the Department of Tourism (ਟ੍ਰਾਂਸਪੋਰਟ ਵਿਭਾਗ) ਦਾ ਸਕੱਤਰ, Sport and the Commonwealth Games (ਸਪੋਰਟਸ ਅਤੇ ਕਾਮਨਵੈਲਥ ਗੇਮਸ), the Department of Human Services (ਮਾਨਵ ਸੇਵਾਵਾਂ ਵਿਭਾਗ) ਵਿੱਚ ਅੰਡਰ ਸੈਕਟਰੀ, ਡਿਪਟੀ ਸੈਕਟਰੀ, Community Services (ਕਮਿਊਨਿਟੀ ਸੇਵਾਵਾਂ)। ਪਹਿਲਾਂ ਉਹ St Laurence ਦੇ ਬ੍ਰਦਰਹੁੱਡ ਵਿਖੇ Social Policy and Research (ਸੋਸ਼ਲ ਪਾਲਿਸੀ ਅਤੇ ਰਿਸਰਚ) ਦੇ ਡਾਇਰੈਕਟਰ ਸਨ। Mr Allen ਨੇ Australian Health Practitioner Regulation Authority (ਆਸਟ੍ਰੇਲੀਅਨ ਪ੍ਰੈਕਟੀਸ਼ਨਰ ਰੈਗੁਲੇਸ਼ਨ ਅਥਾਰਿਟੀ) ਦੇ ਸੰਸਥਾਪਕ ਚੇਅਰ ਵਜੋਂ ਅਤੇ ਕਈ ਕੌਂਸਿਲਾਂ ਅਤੇ ਬੋਰਡਾਂ ਦੇ ਉੱਘੇ ਮੈਂਬਰ ਵਜੋਂ ਵੀ ਕੰਮ ਕੀਤਾ ਹੈ।

ਇਸ ਡਰਾਫਟ ਨੂੰ ਵਿਕਸਿਤ ਕਰਨ ਵਿੱਚ ਉਸ ਦੀ ਉੱਚ ਗੁਣਵੱਤਾ ਦੀ ਸਹਾਇਤਾ ਲਈ ਪੈਨਲ INCITE information (ਇਨਸਾਈਟ ਇਨਫਾਰਮੇਸ਼ਨ) ਤੋਂ Paul Robertson ਦਾ ਧੰਨਵਾਦ ਪ੍ਰਗਟ ਕਰਦਾ ਹੈ।

ਕਾਰਜਕਾਰੀ ਸਾਰ

Darebin: ਉਮਰ ਦੇ ਅਨੁਕੂਲ ਸ਼ਹਿਰ ਬਣਨਾ

"ਭਾਵੇਂ ਕੋਈ ਉਮਰ ਹੋਵੇ – ਅਸੀਂ 'ਭਾਈਚਾਰੇ' ਵਿੱਚ ਸ਼ਾਮਿਲ ਹੋਣਾ ਅਤੇ ਮਾਨਤਾ ਪ੍ਰਾਪਤ ਕਰਨਾ ਚਾਹੁੰਦੇ ਹਾਂ"। (ਵਾਪਸੀ ਸਲਾਹ)

ਫਰਵਰੀ 2017 ਵਿੱਚ, Darebin City Council (ਡਰਬਿਨ ਸਿਟੀ ਕੌਂਸਿਲ) (DCC) ਨੇ ਬਜ਼ੁਰਗਾਂ ਨੂੰ ਅਧਿਕਾਰ ਦੇ ਕੇ ਅਤੇ ਹੇਠ ਲਿਖੇ ਮੁੱਦਿਆਂ ਨੂੰ ਹੱਲ ਕਰਕੇ ਸ਼ਹਿਰ ਨੂੰ ਉਮਰ ਦੇ ਅਨੁਕੂਲ ਬਣਾਉਣ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਉਮਰ ਦੇ ਅਨੁਕੂਲ ਵਿਕਟੋਰੀਆ ਘੋਸ਼ਣਾ ਤੇ ਦਸਤਖਤ ਕੀਤੇ ਸਨ:

- ਸਮਾਜਿਕ ਸਮਾਵੇਸ਼ ਅਤੇ ਸਤਿਕਾਰ;
- ਭਾਈਚਾਰਕ ਸਹਾਇਤਾ ਅਤੇ ਸਿਹਤ ਸੇਵਾਵਾਂ;
- ਸਮਾਜਿਕ ਹਿੱਸੇਦਾਰੀ ਅਤੇ ਰੁਜ਼ਗਾਰ;
- ਰਿਹਾਇਸ਼; ਅਤੇ
- ਆਵਾਜਾਈ ਅਤੇ ਉਸਾਰੀ ਦਾ ਮਾਹੌਲ।

Darebin ਦੀ ਇੱਕ-ਛਿਹਾਈ ਤੋਂ ਜ਼ਿਆਦਾ ਅਬਾਦੀ ਸੱਠ ਸਾਲ ਤੋਂ ਜ਼ਿਆਦਾ ਉਮਰ ਦੀ ਹੈ। ਇਸ ਉਮਰ ਦੇ ਸਮੂਹ ਦੇ ਬਜ਼ੁਰਗ ਦੇਖਭਾਲ ਸੈਕਟਰ ਨੂੰ ਆਸਟ੍ਰੇਲੀਆ ਦੀ ਸਰਕਾਰ ਦੇ ਸੁਧਾਰ ਦੇ ਕਾਰਨ ਭਾਈਚਾਰੇ ਤੇ ਅਧਾਰਤ ਬਜ਼ੁਰਗਾਂ ਦੀ ਦੇਖਭਾਲ ਵਿੱਚ ਬਹੁਤ ਜ਼ਿਆਦਾ ਬਦਲਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਘਰਾਂ ਵਿੱਚ ਦੇਖਭਾਲ ਸੇਵਾਵਾਂ ਵਿੱਚ ਤਬਦੀਲੀਆਂ ਦੀਆਂ ਉਲਝਣਾਂ ਤੋਂ ਇਲਾਵਾ, ਬਹੁਤੇ ਭਾਈਚਾਰਕ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਲਈ ਸਥਾਨਕ ਸਰਕਾਰ ਲਗਾਤਾਰ ਜ਼ਿੰਮੇਵਾਰ ਰਹੇਗੀ ਜਿਨ੍ਹਾਂ ਨੂੰ ਸਾਰੇ ਬਜ਼ੁਰਗ ਨਿਵਾਸੀਆਂ ਲਈ ਸੁਰੱਖਿਅਤ ਅਤੇ ਸੰਤੋਸ਼ਜਨਕ ਜੀਵਨ ਦਾ ਸਮਰਥਨ ਕਰਨਾ ਚਾਹੀਦਾ ਹੈ।

DCC ਨੇ ਇਸ ਉੱਪਰ ਆਪਣੇ ਫੈਸਲੇ ਦੀ ਜਾਣਕਾਰੀ ਦੇਣ ਲਈ ਇਸ ਸਮੀਖਿਆ ਨੂੰ ਪ੍ਰਮਾਣਿਤ ਕੀਤਾ ਹੈ ਕਿ ਕਿਵੇਂ ਉਮਰ ਦੇ ਅਨੁਕੂਲ ਸ਼ਹਿਰ ਵਿੱਚ ਰਹਿਣ ਲਈ ਬਜ਼ੁਰਗਾਂ ਦੀ ਸਭ ਤੋਂ ਵਧੀਆ ਢੰਗ ਨਾਲ ਸਹਾਇਤਾ ਕਰਨੀ ਹੈ ਕਿ, ਜੇ ਬਜ਼ੁਰਗਾਂ ਦੀ ਕਦਰ ਕਰਦਾ, ਸਮਰਥਨ ਕਰਦਾ ਅਤੇ ਅਧਿਕਾਰ ਦਿੰਦਾ ਹੈ ਤਾਂ ਜੋ ਉਹ ਵਧੀਆ, ਤੰਦਰੁਸਤ ਰਹਿਣ, ਸਮਾਜਿਕ ਤੌਰ 'ਤੇ ਜੁੜੇ ਹੋਣ ਅਤੇ ਆਪਣੇ ਭਾਈਚਾਰੇ ਦੇ ਅੰਦਰ ਜਿੰਨਾ ਸੰਭਵ ਹੋ ਸਕੇ ਸੁਤੰਤਰਤਾ ਨਾਲ ਜਿਉਣ।

"ਸਥਾਨਕ ਅਤੇ ਰਾਜ ਸਰਕਾਰਾਂ ਬਜ਼ੁਰਗਾਂ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਸਿਰਫ ਇਸ ਕਰਕੇ ਨਹੀਂ ਛੱਡ ਸਕਦੀਆਂ ਹਨ ਕਿਉਂਕਿ ਹੁਣ ਇੱਕ ਰਾਸ਼ਟਰੀ ਬਜ਼ੁਰਗ ਦੇਖਭਾਲ ਪ੍ਰਣਾਲੀ ਹੈ"। (ਵਾਪਸੀ ਸਲਾਹ)

ਜਨਤਕ ਸਲਾਹ ਸਮੀਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਬਣੀ ਹੈ। ਸਲਾਹ ਨੂੰ ਸਮੀਖਿਆ ਦੇ ਸੰਦਰਭ ਦੇ ਨਿਯਮਾਂ ਅਤੇ ਪੈਨਲ ਦੇ ਇਰਾਦਿਆਂ ਰਾਹੀਂ ਗਾਈਡ ਕੀਤਾ ਗਿਆ ਹੈ, ਅਤੇ ਹੇਠ ਲਿਖੇ ਨੂੰ ਪੇਸ਼ ਕਰਨ ਲਈ ਤਿਆਰ ਕੀਤਾ ਗਿਆ ਸੀ:

- ਵਿਅਕਤੀਆਂ, ਸਮੂਹਾਂ, ਸੰਗਠਨਾਂ, ਸਟਾਫ ਅਤੇ ਹੋਰ ਸਬੰਧਤਾਂ ਧਿਰਾਂ ਲਈ ਜਵਾਬ ਦੇਣ ਅਤੇ ਵਿਚਾਰ ਪ੍ਰਦਾਨ ਕਰਨ ਲਈ ਕਾਫੀ ਸਮਾਂ; ਅਤੇ
- ਗਾਹਕਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਸਮੀਖਿਆ ਦੇ ਉਦੇਸ਼ ਨੂੰ ਸਮਝਣ ਅਤੇ ਉਹਨਾਂ ਦੇ ਵਿਚਾਰਾਂ ਨੂੰ ਯੋਗਦਾਨ ਪਾਉਣ ਲਈ ਸਥਾਨਾਂ, ਫਾਰਮੈਟਾਂ, ਭਾਸ਼ਾਵਾਂ ਅਤੇ ਸੰਭਾਵੀ ਤਰੀਕਿਆਂ ਦੀ ਵਿਸ਼ਾਲ ਸ਼੍ਰੇਣੀ।

ਇਸ ਸਮੀਖਿਆਂ ਦੀਆਂ ਸਿਫਾਰਿਸ਼ਾਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਬਣਾਇਆ ਗਿਆ ਹੈ ਕਿ DCC ਬਜ਼ੁਰਗਾਂ ਨੂੰ ਵਧੀਆ, ਉੱਤਮ ਜ਼ਿੰਦਗੀਆਂ ਦੇਣ ਲਈ ਚੰਗੀ ਤਰ੍ਹਾਂ ਨਾਲ ਸਥਾਪਿਤ ਹੈ, ਜਿਨ੍ਹਾਂ ਵਿੱਚ ਆਧੁਨਿਕ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਭਿੰਨਤਾ (CALD) ਅਤੇ ਹੋਰ ਕਮਜ਼ੋਰ ਸਮੂਹਾਂ ਦੇ ਬਜ਼ੁਰਗ ਲੋਕ ਸ਼ਾਮਲ ਹਨ ਜੋ ਸਮਾਜਕ ਤੌਰ ਤੇ ਅਲੱਗ ਹੋਣ ਦੇ ਖਤਰੇ ਤੇ ਹਨ। (ਸਿਫਾਰਿਸ਼ਾਂ 4-8)

DCC ਬਜ਼ੁਰਗ ਦੇਖਭਾਲ ਸੇਵਾਵਾਂ ਦੀ ਅਦਾਇਗੀ

ਵਰਤਮਾਨ ਵਿੱਚ DCC, ਬਾਕੀ ਬਜ਼ੁਰਗ ਦੇਖਭਾਲ ਸੈਕਟਰ ਦੀ ਤਰ੍ਹਾਂ, ਆਸਟ੍ਰੇਲੀਆ ਦੀ ਸਰਕਾਰ ਦੀ ਹੋਰ ਲੰਮਾ ਜੀਓ, ਹੋਰ ਬਿਹਤਰ ਜਿਊਣ ਦੇ ਸੁਧਾਰਾਂ ਕਾਰਨ ਬੁਨਿਆਦੀ ਤਬਦੀਲੀਆਂ ਦਾ ਸਾਮਹਣਾ ਕਰ ਰਿਹਾ ਹੈ। 30 ਤੋਂ ਜ਼ਿਆਦਾ ਸਾਲਾਂ ਲਈ, DCC ਨੇ ਆਸਟ੍ਰੇਲੀਆ ਅਤੇ ਰਾਜ ਸਰਕਾਰਾਂ ਤੋਂ ਫੰਡਾਂ ਦੀ ਸਹਾਇਤਾ ਦੇ ਨਾਲ ਬਜ਼ੁਰਗਾਂ ਨੂੰ ਉਨ੍ਹਾਂ ਦੇ ਆਪਣੇ ਘਰਾਂ ਵਿੱਚ ਸੁਤੰਤਰਤਾ ਨਾਲ ਜਿਊਣਾ ਜਾਰੀ ਰੱਖਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ ਲਈ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਪਰ, 2016 ਵਿੱਚ ਸਾਰੀਆਂ ਬਜ਼ੁਰਗ ਦੇਖਭਾਲ ਸੇਵਾਵਾਂ ਲਈ ਜ਼ੁੰਮੇਵਾਰੀ ਆਸਟ੍ਰੇਲੀਆ ਦੀ ਸਰਕਾਰ ਕੋਲ ਚਲੀ ਗਈ ਹੈ।

ਆਸਟ੍ਰੇਲੀਆ ਦੀ ਸਰਕਾਰ ਦੇ ਸੁਧਾਰਾਂ ਵਿੱਚ ਸਿੰਗਲ-ਐਂਟਰੀ ਪਵਾਇੰਟ ਸ਼ੁਰੂ ਕਰਨਾ ਸ਼ਾਮਲ ਹੈ: My Aged Care (ਮਾਈ ਏਜਡ ਕੇਅਰ) (MAC), the Home and Community Care (ਹੋਮ ਅਤੇ ਕਮਿਉਨਿਟੀ ਕੇਅਰ) (HACC) Program ਨੂੰ ਖਤਮ ਕਰਨਾ ਅਤੇ the Commonwealth Home Support Program (ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ) (CHSP) ਸ਼ੁਰੂ ਕਰਨਾ।

CHSP ਦੇ ਹਿੱਸੇ ਵਜੋਂ, DCC ਨੂੰ ਬਜ਼ੁਰਗ ਦੇਖਭਾਲ ਸੇਵਾਵਾਂ ਦੇ ਸਹਿਮਤ ਪੱਧਰ ਪ੍ਰਦਾਨ ਕਰਨ ਲਈ ਗ੍ਰਾਂਟ ਮਿਲੀ ਹੈ। ਇਸ ਵਿਵਸਥਾ ਨੂੰ ਬਲਾਕ ਫੰਡਿੰਗ ਵਜੋਂ ਜਾਣਿਆ ਜਾਂਦਾ ਹੈ, ਜੋ ਜੁਲਾਈ 2020 ਤਕ ਜਾਰੀ ਰਹੇਗੀ। 2 ਅਪ੍ਰੈਲ 2019 ਨੂੰ ਘੋਸ਼ਿਤ ਕੀਤੇ ਆਸਟ੍ਰੇਲੀਆ ਦੀ ਸਰਕਾਰ ਦੇ 2019 ਦੇ ਬਜਟ ਪੈਕੇਜ ਦੇ ਹਿੱਸੇ ਵਜੋਂ, Commonwealth Home Support Programme (CHSP) (ਕਾਮਨਵੈਲਥ ਹੋਮ ਸਪੋਰਟ ਪ੍ਰੋਗਰਾਮ) ਲਈ ਫੰਡਿੰਗ ਨੂੰ **1 ਜੁਲਾਈ 2020 ਤੋਂ 30 ਜੂਨ 2022** ਤਕ ਵਧਾਇਆ ਜਾਵੇਗਾ। ਲਿਖਣ ਸਮੇਂ ਤਕ DCC ਸਮੇਤ ਪ੍ਰਦਾਤਾ, ਪੁਸ਼ਟੀ ਲਈ ਵੇਰਵਿਆਂ ਦੀ ਉਡੀਕ ਕਰ ਰਹੇ ਹਨ।

ਸੇਵਾ ਅਦਾਇਗੀ ਲਈ ਵਿਕਲਪ

ਬਜ਼ੁਰਗਾਂ ਦੀ ਦੇਖਭਾਲ ਦੀ ਅਦਾਇਗੀ ਵਿੱਚ ਆਪਣੀ ਭਵਿੱਖਕ ਭੂਮਿਕਾ ਬਾਰੇ DCC ਦਾ ਫੈਸਲਾ ਕਾਮਨਵੈਲਥ ਅਤੇ ਸਟੇਟ ਫੰਡਿੰਗ ਮਾਡਲਾਂ ਬਾਰੇ ਅਨਿਸ਼ਚਿਤਤਾ ਕਰਕੇ ਗੁੰਝਲਦਾਰ ਹੈ। ਭਾਈਚਾਰਕ ਰਾਏ ਦੇ ਜਵਾਬ ਵਿੱਚ ਅਤੇ ਵਿਭਿੰਨ ਬਦਲਵੇਂ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਮੀਖਿਆ DCC ਨੂੰ ਬਜ਼ੁਰਗ ਨਿਵਾਸੀਆਂ ਨੂੰ ਹੋਮ ਸਪੋਰਟ ਸੇਵਾਵਾਂ ਅਦਾ ਕਰਨ ਨੂੰ ਜਾਰੀ ਰੱਖਣ ਦਾ ਸਮਰਥਨ ਕਰਦੀ ਹੈ ਜਦ ਕਿ ਆਸਟ੍ਰੇਲੀਆ ਦੀ ਸਰਕਾਰ ਆਪਣੇ ਮੌਜੂਦਾ ਵਿੱਤੀ ਪ੍ਰਬੰਧਾਂ ਨੂੰ ਕਾਇਮ ਰੱਖਦੀ ਹੈ। (ਸਿਫਾਰਿਸ਼ਾਂ 1-3 ਅਤੇ ਸਿਫਾਰਿਸ਼ਾਂ 9 - 19)

> *“ਇਹ ਇੱਕ ਉਦਾਸ ਦਿਨ ਹੋਵੇਗਾ ਜੇ ਸਾਡੇ ਕੋਲ Darebin Council ਨਹੀਂ ਹੁੰਦੀ। ਬਜ਼ੁਰਗਾਂ ਨੂੰ ਦਿੱਤੀਆਂ ਗਈਆਂ ਸੇਵਾਵਾਂ ਸ਼ਾਨਦਾਰ ਹਨ”। (ਵਾਪਸੀ ਸਲਾਹ)*

ਇਹ ਕਿਹਾ ਗਿਆ ਹੈ, ਸਮੀਖਿਆ ਵਿਚ DCC ਮੌਜੂਦਾ ਸਮੇਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਅਸਰ ਅਤੇ ਪ੍ਰਭਾਵ ਨੂੰ ਸੁਧਾਰਨ ਦੇ ਵੱਖ-ਵੱਖ ਮੌਕਿਆਂ ਦੀ ਸ਼ਨਾਖਤ ਕਰਦਾ ਹੈ ਅਤੇ ਵਿਸ਼ੇਸ਼ ਤੌਰ ਤੇ ਗਾਹਕ ਦੀਆਂ ਜ਼ਰੂਰਤਾਂ ਦਾ ਜਵਾਬ ਦੇਣ ਅਤੇ ਸੁਤੰਤਰ ਜਿਊਣ ਦੇ ਹੁਨਰ ਦੀ ਸਾਂਭ-ਸੰਭਾਲ ਕਰਨ ਲਈ ਵਧੇਰੇ ਲਚਕੀਲੇਪਣ ਨੂੰ ਵਧਾਉਣ ਨੂੰ ਮੁੜ-ਡਿਜ਼ਾਇਨ ਕਰਨ ਲਈ ਬਜ਼ੁਰਗਾਂ ਨੂੰ ਸ਼ਾਮਲ ਕਰਨ ਦੀ ਸਿਫਾਰਿਸ਼ ਕਰਦਾ ਹੈ।

> *“ਸਾਨੂੰ ਸੇਵਾਵਾਂ ਨੂੰ ਜਾਰੀ ਰੱਖਣ ਲਈ ਕੌਂਸਿਲ ਦੀ ਜ਼ਰੂਰਤ ਹੈ, ਪਰ ਉਹ ਅਜੇ ਵੀ ਬਿਹਤਰ ਢੰਗ ਨਾਲ ਅਨੁਕੂਲ ਬਣਾ ਸਕਦੇ ਹਨ, ਜਿਵੇਂ ਕਿ ਸੇਵਾਵਾਂ ਨੂੰ ਨਵਿਆਉਣਾ ਜਾਂ ਬਦਲਣਾ ਅਤੇ ਹੋਰ ਬਜ਼ੁਰਗਾਂ ਨੂੰ ਨੌਕਰੀ ਦੇਣਾ ਅਤੇ ਉਨ੍ਹਾਂ ਨੂੰ ਸਿਖਲਾਈ ਦੇਣਾ ਜਾਂ ਇਹਨਾਂ ਸੇਵਾਵਾਂ ਨੂੰ ਕਰਨ ਲਈ ਸਵੈ-ਸੇਵਕ ਬਣਾਉਣਾ”। (ਵਾਪਸੀ ਸਲਾਹ)*

ਜੇ ਬਲਾਕ ਫੰਡਿੰਗ ਜਾਰੀ ਰਹਿੰਦੀ ਹੈ, ਤਾਂ ਸਮੀਖਿਆ ਇਹ ਵੀ ਸਿਫਾਰਿਸ਼ ਕਰਦੀ ਹੈ ਕਿ DCC ਬਜ਼ੁਰਗਾਂ ਲਈ ਦੇਖਭਾਲ ਦੀ ਨਿਰੰਤਰਤਾ ਨੂੰ ਪ੍ਰਦਾਨ ਕਰਨ ਲਈ ਜਦੋਂ ਕਿ ਉਹਨਾਂ ਦੀਆਂ ਲੋੜਾਂ ਵਧਦੀਆਂ ਹਨ ਅਤੇ HCPs ਵਾਸਤੇ ਰਿਹਾਇਸ਼ੀ ਯੋਗਤਾ ਦੀ ਕਦਰ ਦਾ ਪੂਰਾ ਮੁੱਲ ਪਾਉਣ ਲਈ ਪੈਕੇਜਾਂ ਦੇ ਸਾਰੇ ਪੱਧਰਾਂ ਲਈ Home Care Packages (ਹੋਮ ਕੇਅਰ ਪੈਕੇਜ਼ਾਂ) (HCPs) ਦੇ ਪ੍ਰਦਾਤਾ ਵਜੋਂ ਬਜ਼ਾਰ ਵਿੱਚ ਪ੍ਰਵੇਸ਼ ਕਰਕੇ ਆਪਣੀ ਭੂਮਿਕਾ ਨੂੰ ਵਧਾਉਣ ਦੀ ਨਿਭਣਯੋਗਤਾ ਤੇ ਵਿਚਾਰ ਕਰੇ। (ਸਿਫਾਰਿਸ਼ਾਂ 20)

> *“ਮੈਂ ਇਕ ਪੱਧਰ 2 ਹੋਮ ਕੇਅਰ ਪੈਕੇਜ ‘ਤੇ ਸੀ ... ਕੌਂਸਿਲ ਹੋਮ ਕੇਅਰ ਪੈਕੇਜ ਦੀ ਤੁਲਨਾ ਵਿਚ ਇਕ ਲੈਵਲ 6 ਵਾਂਗ ਹੈ” (ਵਾਪਸੀ ਸਲਾਹ)*

ਜੇ ਬਲਾਕ ਫੰਡਿੰਗ ਬੰਦ ਹੋ ਜਾਂਦੀ ਹੈ ਇਹ ਸਮੀਖਿਆ ਸਿਫਾਰਿਸ਼ ਕਰਦੀ ਹੈ ਕਿ DCC ਆਪਣੇ ਭਾਈਚਾਰੇ ਦੇ ਅੰਦਰ ਅਲੱਗ-ਥਲੱਗ ਹੋਣ ਦੇ ਖ਼ਤਰੇ ਵਾਲੇ ਨਿਵਾਸੀਆਂ ਨੂੰ ਸਰਗਰਮੀ ਨਾਲ ਸਹਾਇਤਾ ਦੇਣ ਲਈ ਘਰੇਲੂ ਦੇਖਭਾਲ ਅਤੇ ਮੁਲਾਂਕਣ ਦੇ ਕਰਮਚਾਰੀਆਂ ਸਮੇਤ ਇਸ ਦੇ ਸਰੋਤਾਂ ਨੂੰ ਮੁੜ ਨਿਰਦੇਸ਼ਤ ਕਰਦੀ ਹੈ। ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ DCC ਚੋਣਵੇਂ, ਧਿਆਨ ਨਾਲ ਚੁਣੀ, ਪੜਤਾਲ ਕੀਤੇ ਅਤੇ ਨਿਗਰਾਨੀ ਅਧੀਨ ਪ੍ਰਦਾਤਾ/ਵਾਂ ਦੇ ਸੰਚਾਰ ਵਿੱਚ ਗਾਹਕਾਂ ਦੀ ਸਰਗਰਮੀ ਨਾਲ ਸਹਾਇਤਾ ਕਰਨ ਲਈ ਵਸੀਲੇ ਦਿੰਦੀ ਹੈ। (ਸਿਫਾਰਿਸ਼ਾਂ 21 – 24)

> *“ਮੈਨੂੰ ਨਹੀਂ ਲਗਦਾ ਕਿ ਕੌਂਸਿਲ ਨੂੰ ਇੱਕ ਸੇਵਾ ਪ੍ਰਦਾਤਾ ਹੋਣ ਦੀ ਲੋੜ ਹੈ ਜੇ ਉੱਥੇ ਕੋਈ ਹੋਰ ਹਨ ਜੋ ਇਨ੍ਹਾਂ ਦੀ ਜਗ੍ਹਾ ਤੇ ਇਹ ਕਰ ਸਕਦੇ ਹਨ। ਕੌਂਸਿਲ ਆਪਣੇ ਪੈਸੇ ਨੂੰ ਹੋਰ ਚੀਜ਼ਾਂ ਤੇ ਵਰਤ ਸਕਦੀ ਹੈ। ਮੈਨੂੰ ਕੋਈ ਫ਼ਿਕਰ ਨਹੀਂ ਕਿ ਸੇਵਾ ਕੌਂਸਿਲ ਤੋਂ ਹੈ, ਜਾਂ ਜੇ ਇਹ ਕਿਸੇ ਹੋਰ ਸੰਸਥਾ ਤੋਂ ਹੈ”। (ਵਾਪਸੀ ਸਲਾਹ)*

DCC ਦੀ ਨਵੀਂ ਭੂਮਿਕਾ ਇਹ ਯਕੀਨੀ ਬਣਾਵੇਗੀ ਕਿ ਸਾਰੇ ਬਜ਼ੁਰਗਾਂ, ਜਿਨ੍ਹਾਂ ਵਿਚ ਸਭ ਤੋਂ ਵੱਧ ਕਮਜ਼ੋਰ ਲੋਕ ਸ਼ਾਮਲ ਹਨ, ਨੂੰ MAC ਸੇਵਾਵਾਂ ਮਿਲਦੀਆਂ ਹਨ ਜਿਸ ਲਈ ਉਹ ਇਨ੍ਹਾਂ ਨੂੰ ਉੱਚ ਗੁਣਵੱਤਾ ਵਿੱਚ ਲੈਣ ਦੇ ਹੱਕਦਾਰ ਹਨ। ਇਸ ਵਿੱਚ DCC ਦੇ ਮੌਜੂਦਾ ਕਰਮਚਾਰੀ ਦਲ ਨੂੰ ਸਰਗਰਮ MAC ਨੇਵੀਗੇਸ਼ਨ, ਨਿਗਰਾਨੀ, ਦਲਾਲੀ, ਮਾਮਲਿਆਂ ਦੇ ਕੰਮ ਅਤੇ ਪਹੁੰਚਯੋਗ ਸੇਵਾਵਾਂ ਪ੍ਰਦਾਨ ਕਰਨ ਲਈ ਮੁੜ ਸ਼ਾਮਲ ਕੀਤਾ ਜਾਵੇਗਾ।

> *“ਮੁਲਾਂਕਣ ਚੰਗੀ ਗੁਣਵੱਤਾ ਸੇਵਾ ਪ੍ਰਦਾਨ ਕਰ ਰਿਹਾ ਹੈ ਪਰ ਅਸੀਂ ਦੋਵੇਂ - ਨੈਵੀਗੇਟਰ ਅਤੇ ਮੁਲਾਂਕਣ ਨਹੀਂ ਕਰ ਸਕਦੇ” (ਵਾਪਸੀ ਸਲਾਹ)*

ਇਸ ਤੋਂ ਇਲਾਵਾ, DCC ਉੱਥੇ ਖ਼ਾਸ ਸੇਵਾਵਾਂ ਨੂੰ ਅਦਾ ਕਰਨਾ ਜਾਰੀ ਰੱਖੇਗਾ ਜਿੱਥੇ ਗਾਹਕਾਂ ਨੂੰ ਦੂਜੇ ਪ੍ਰਦਾਤਾਵਾਂ ਤੋਂ ਉਚਿਤ ਸੇਵਾਵਾਂ ਮਿਲਣ ਦੀ ਸੰਭਾਵਨਾ ਨਹੀਂ ਹੋਵੇਗੀ। ਇਸ ਵਿਚ ਘਰ ਵਿਚ ਤਬਦੀਲੀਆਂ, ਘਰ ਦੀ ਸਾਂਭ-ਸੰਭਾਲ, ਦਿਮਾਗੀ ਕਮਜ਼ੋਰੀ ਵਾਲੇ ਲੋਕਾਂ ਲਈ ਪੋਸ਼ਟਿਕ ਭੋਜਨ ਅਤੇ ਦਿਨ ਦੀ ਸੇਵਾ ਦੀ ਵਰਤੋਂ ਸ਼ਾਮਲ ਹੋਵੇਗੀ।

> *“ਉਨ੍ਹਾਂ ਲੋਕਾਂ ਨੂੰ ਫੜਣ ਵਿਚ ਕੌਂਸਿਲ ਦਾ ਢਾਂਚਾ ਮਹੱਤਵਪੂਰਨ ਹੋ ਸਕਦਾ ਹੈ ਜੋ ਦਰਾਰਾਂ ਵਿਚ ਆਉਂਦੇ ਹਨ. ਉੱਥੇ ਇੱਕ ਸਥਾਨਕ ਸੁਰੱਖਿਆ ਜਾਲ ਹੋਣ ਦੀ ਲੋੜ ਹੈ”। (ਵਾਪਸੀ ਸਲਾਹ)*



ਉਮਰ ਦੇ ਅਨੁਕੂਲ Darebin: ਬਜ਼ੁਰਗਾਂ ਦੀਆਂ ਦੇਖਭਾਲ ਸੇਵਾਵਾਂ ਤੋਂ ਜ਼ਿਆਦਾ

ਭਾਈਚਾਰੇ ਤੇ ਆਧਾਰਿਤ ਬਜ਼ੁਰਗ ਦੇਖਭਾਲ ਦੀ ਅਦਾਇਗੀ ਵਿੱਚ ਆਪਣੀ ਭੂਮਿਕਾ ਤੇ ਵਿਚਾਰ ਕਰਨ ਤੋਂ ਇਲਾਵਾ, ਸਮੀਖਿਆ ਨੇ Darebin ਦੇ ਵਸਨੀਕਾਂ ਤੋਂ ਪਛਾਣੇ ਗਏ ਵੱਖੋ-ਵੱਖਰੇ ਮੁੱਦਿਆਂ ਬਾਰੇ ਸੁਣਿਆ। ਭਾਈਚਾਰੇ ਦੀਆਂ ਵਿਚਾਰਾਂ ਦੇ ਜਵਾਬ ਵਿਚ, ਸਮੀਖਿਆ ਵਿੱਚ ਕਈ ਪਹਿਲਕਦਮੀਆਂ ਦੀ ਪਛਾਣ ਕੀਤੀ ਗਈ ਜੋ DCC ਉਮਰ ਦੇ ਅਨੁਕੂਲ ਸ਼ਹਿਰ ਨੂੰ ਬਣਾਉਣ ਦੇ ਟੀਚੇ ਵੱਲ ਚੁੱਕ ਸਕਦਾ ਹੈ: ਘਰ ਅਤੇ ਭਾਈਚਾਰੇ ਵਿੱਚ ਬਜ਼ੁਰਗ ਨਿਵਾਸੀਆਂ ਦੀ ਜੀਵਨ ਦੀ ਗੁਣਵੱਤਾ ਨੂੰ ਵਧਾਉਣਾ।



ਉਮਰ ਦੇ ਅਨੁਕੂਲ Darebin ਵੱਲ

ਆਪਣਾ ਘਰ ਕਹਿਣ ਲਈ ਕੋਈ ਜਗ੍ਹਾ

ਅਸੀਂ ਭਾਈਚਾਰੇ ਤੋਂ ਸੁਣਿਆ ਹੈ ਕਿ ਉਮਰ ਦੇ ਅਨੁਕੂਲ Darebin ਦੇ ਕੇਂਦਰ ਵੱਲ ਬਜ਼ੁਰਗਾਂ ਲਈ ਇੱਕ ਸੁਰੱਖਿਅਤ, ਕਿਫਾਇਤੀ ਰਿਹਾਇਸ਼ ਦੀ ਲੋੜ ਹੈ। ਬਦਕਿਸਮਤੀ ਨਾਲ, ਕੁਝ ਬਜ਼ੁਰਗਾਂ ਕੋਲ ਇਸ ਤਰ੍ਹਾਂ ਦੀ ਰਿਹਾਇਸ਼ ਨਹੀਂ ਹੈ, ਅਤੇ ਸਮੀਖਿਆ ਵਿੱਚ ਜਨਤਕ ਰਿਹਾਇਸ਼ ਅਤੇ ਕਿਫਾਇਤ ਨੂੰ ਸੁਧਾਰਨ ਦੀਆਂ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। (ਸਿਫਾਰਿਸ਼ਾਂ 25 - 27)

> *“Darebin ਵਰਗੇ ਜੇਨਟ੍ਰੀਫਿਕੇਸ਼ਨ ਖੇਤਰ ਵਿੱਚ ਘੱਟ ਆਮਦਨ ਵਾਲੇ ਲੋਕਾਂ ਲਈ ਕਿਫਾਇਤੀ ਰਿਹਾਇਸ਼ ਦੀ ਘਾਟ ਇੱਕ ਬਹੁਤ ਵੱਡਾ ਮੁੱਦਾ ਹੈ”। (ਵਾਪਸੀ ਸਲਾਹ)*

ਇਸ ਤੋਂ ਇਲਾਵਾ, ਭਾਈਚਾਰੇ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਦੇ ਘਰ, ਅਤੇ ਗੁਆਂਢੀਆਂ ਅਤੇ ਦੋਸਤਾਂ ਦੇ ਘਰ ਤਕ ਪਹੁੰਚ, ਬਜ਼ੁਰਗ ਨਿਵਾਸੀਆਂ ਦੀ ਵਧ ਰਹੀ ਗਿਣਤੀ ਲਈ ਇੱਕ ਵਾਧੂ ਚੁਣੌਤੀ ਹੈ। ਜਿਵੇਂ ਭਾਈਚਾਰਾ ਵਧਦਾ ਹੈ, ਪਹੁੰਚਯੋਗਤਾ ਦੀ ਹੋਰ ਜ਼ਿਆਦਾ ਮਹੱਤਵਪੂਰਨ ਮੁੱਦਾ ਹੋਣ ਦੀ ਸੰਭਾਵਨਾ ਹੁੰਦੀ ਹੈ, ਜਿਸ ਨੂੰ ਸੋਧੇ ਬਿਲਡਿੰਗ ਕੋਡਾਂ ਅਤੇ ਅਧਿਨਿਯਮਾਂ ਰਾਹੀਂ ਵਧੀਆ ਹੱਲ ਕੀਤਾ ਜਾਂਦਾ ਹੈ। ਅਧਿਨਿਯਮਾਂ ਅਤੇ ਬਿਲਡਿੰਗ ਕੋਡ ਸਮੀਖਿਆਵਾਂ ਵਿੱਚ ਬਦਲਾਵਾਂ ਲਈ DCC ਦੀਆਂ ਖੁਦ ਦੀਆਂ ਬਿਲਡਿੰਗ ਅਤੇ ਵਿਕਾਸ ਲੋੜਾਂ ਨੂੰ ਵਧਾਉਣਾ ਰਾਜ ਅਤੇ ਸੰਘੀ ਸਰਕਾਰ ਦੋਵਾਂ ਦੇ ਸਮਰਥਨ ਦੇ ਨਾਲ ਜੋੜਣਾ ਉਹ ਕਾਰਵਾਈਆਂ ਹਨ ਜਿਨ੍ਹਾਂ ਦੀ ਸਿਫਾਰਿਸ਼ ਕੀਤੀ ਗਈ ਹੈ। (ਸਿਫਾਰਿਸ਼ਾਂ 28 – 29)

> *“ਕੌਂਸਿਲ ਨੂੰ ਇਹ ਯਕੀਨੀ ਬਣਾਉਣ ਤੇ ਜ਼ੋਰ ਦੇਣ ਦੀ ਲੋੜ ਹੈ ਕਿ ਬਜ਼ੁਰਗਾਂ ਦੇ ਘਰ ਸੁਰੱਖਿਅਤ, ਮਹਿਫੂਜ਼ ਅਤੇ ਚੁਕਵੀਂ ਰੇਲਿੰਗ, ਸੁਰੱਖਿਅਤ ਫੁੱਟਪਾਥ ਅਤੇ ਸੁਰੱਖਿਆ ਨਾਲ ਲੈਸ ਹਨ”। (ਵਾਪਸੀ ਸਲਾਹ)*

ਵੱਧ ਰਹੀ ਉਮਰ ਵਾਲੇ ਨਿਵਾਸੀਆਂ ਲਈ ਘਰ ਵਿਚ ਸੁਰੱਖਿਅਤ ਰੂਪ ਨਾਲ ਰਹਿਣ ਲਈ, ਗਤੀਸ਼ੀਲਤਾ ਸਾਧਨ ਅਤੇ ਉਪਕਰਨ ਇੱਕ ਲੱਗ ਸਕਣ ਵਾਲੀ ਸੱਟ ਦੀ ਰੋਕਥਾਮ ਲਈ ਇੱਕ ਕੁੰਜੀ ਹੋ ਸਕਦੀ ਹੈ। ਸਮੀਖਿਆ ਵਿੱਚ ਸਿਫਾਰਿਸ਼ ਕੀਤੀ ਗਈ ਹੈ ਕਿ DCC ਨੇ ਕਈ ਪਹਿਲਕਦਮੀਆਂ ਦੀ ਪੜਚੋਲ ਕੀਤੀ ਹੈ, ਜਿਸ ਵਿੱਚ ਗਤੀਸ਼ੀਲਤਾ ਉਪਕਰਨਾਂ ਦੀ ਲੋਨ ਸਕੀਮ ਸਥਾਪਤ ਕਰਨਾ ਅਤੇ Men’s Shed ਅਤੇ/ਜਾਂ ਤਕਨੀਕੀ ਅਤੇ ਹੋਰ ਵਧੇਰੇ ਸਿੱਖਿਆ (TAFE) ਨਾਲ ਜੁੜੇ ਘਰਾਂ ਨੂੰ ਸੋਧਣ ਵਾਲੇ ਸਮਾਜਿਕ ਉਦਯੋਗ ਅਤੇ ਸਥਾਨਕ ਕਾਰੋਬਾਰਾਂ ਪਾਸੋਂ ਸਹਾਇਤਾ ਪ੍ਰਾਪਤ ਸ਼ਾਮਲ ਹਨ। (ਸਿਫਾਰਿਸ਼ਾਂ 30 – 32)

ਅਸੀਂ ਭਾਈਚਾਰੇ ਤੋਂ ਸੁਣਿਆ ਹੈ ਕਿ ਬਜ਼ੁਰਗਾਂ ਲਈ ਸੁਰੱਖਿਆ ਇਕ ਮੁੱਦਾ ਸੀ।

> *“ਸੁਰੱਖਿਆ ਮੇਰੇ ਲਈ ਇੱਕ ਮੁੱਦਾ ਹੈ, ਤੁਸੀਂ ਇਕੱਲੇ (ਖਾਸ ਕਰਕੇ ਔਰਤਾਂ) ਰਹਿਣ ਵਾਲਿਆਂ ਲਈ ਕੀ ਕਰਦੇ ਹੋ...” (ਵਾਪਸੀ ਸਲਾਹ)*

ਘਰ ਵਿਖੇ ਅਪਰਾਧ ਤੋਂ ਸੁਰੱਖਿਆ ਨੂੰ ਵਧਾਉਣ ਲਈ ਸਮੀਖਿਆ ਵਿੱਚ ਸਿਫਾਰਿਸ਼ ਕੀਤੀ ਗਈ ਹੈ ਕਿ ਘਰ ਵਿਖੇ ਆਮ ਖਤਰਿਆਂ ਬਾਰੇ ਬਜ਼ੁਰਗਾਂ ਨੂੰ ਜਾਣੂ ਕਰਵਾਉਣ ਲਈ DCC ਸਥਾਨਕ ਪੁਲਿਸ ਨਾਲ ਇੱਕ ਪ੍ਰੋਗਰਾਮ ਬਣਾਏ, ਅਤੇ ਨਾਲ ਹੀ ਬਜ਼ੁਰਗ ਨਿਵਾਸੀਆਂ ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ neighbourhood watch (ਨੇਬਰਹੁੱਡ ਵਾਚ) ਨੂੰ ਮੁੜ ਪ੍ਰਖਤਾ ਕਰੇ। (ਸਿਫਾਰਿਸ਼ਾਂ 35 - 36)

ਭਾਈਚਾਰੇ ਦੀ ਰਾਏ ਦੇ ਜਵਾਬ ਵਿੱਚ, ਘਰ ਵਿਖੇ ਬਜ਼ੁਰਗਾਂ ਨੂੰ ਸਹਾਇਤਾ ਦੇਣ ਲਈ ਹੋਰ ਸਿਫਾਰਿਸ਼ਾਂ ਵਿੱਚ ਸ਼ਾਮਲ ਹੈ: Darebin Home Share (ਡੇਰਬਿਨ ਹੋਮ ਸ਼ੇਅਰ) ਅਤੇ Co-housing programs (ਕੋ-ਹਾਉਸਿੰਗ ਪ੍ਰੋਗਰਾਮਸ); ਅਤੇ ‘home phone contact scheme’ (ਹੋਮ ਫੋਨ ਸੰਪਰਕ ਸਕੀਮ)। (ਸਿਫਾਰਿਸ਼ਾਂ 33 - 34 ਅਤੇ ਸਿਫਾਰਿਸ਼ਾਂ 37 - 39)

ਉਮਰ ਦੇ ਅਨੁਕੂਲ ਘਰ ਦੇ ਬਾਹਰ (ਆਉਟਡੋਰਜ਼)

ਅਸੀਂ ਭਾਈਚਾਰੇ ਤੋਂ ਘਰ ਦੇ ਬਾਹਰ ਸੁਰੱਖਿਅਤ ਰੂਪ ਨਾਲ ਹਿੱਸਾ ਲੈਣ ਦੇ ਯੋਗ ਹੋਣ ਲਈ ਬਜ਼ੁਰਗਾਂ ਲਈ ਕਦਰ ਅਤੇ ਮਹੱਤਤਾ ਬਾਰੇ ਸੁਣਿਆ। ਇਸ ਵਿੱਚ ਕਸਰਤ ਅਤੇ ਅਨੰਦ ਲਈ ਸੈਰ ਕਰਨਾ ਜਾਂ ਕਿਸੇ ਵਿਸ਼ੇਸ਼ ਮੰਜ਼ਿਲ, ਜਿਵੇਂ ਕਿ ਪਾਰਕਾਂ, ਖਰੀਦ ਕੇਂਦਰਾਂ ਅਤੇ ਕਾਰੋਬਾਰ, ਸਿਹਤ ਅਤੇ ਮਨੋਰੰਜਨ ਮੁਲਾਕਾਤਾਂ ਲਈ ਜਾਣਾ ਸ਼ਾਮਲ ਹੋ ਸਕਦਾ ਹੈ।

> *"ਸੈਰ ਕਰਨਾ ਸਭ ਤੋਂ ਜ਼ਿਆਦਾ ਪ੍ਰਸਿੱਧ ਸਰੀਰਕ ਗਤੀਵਿਧੀ ਹੈ ਅਤੇ ਬਹੁਤ ਸਾਰੇ ਵਸਨੀਕਾਂ ਨੂੰ ਬਾਹਰ ਜਾਣ ਲਈ ਗਤੀਸ਼ੀਲਤਾ ਲਈ ਜ਼ਰੂਰੀ ਹੈ। ਸੜਕ ਸੁਰੱਖਿਆ ਤੇ ਚਿੰਤਾ, ਸੜਕ ਤੇ ਡਿੱਗਣਾ, ਫੁੱਟਪਾਥ ਤੇ ਸਾਈਕਲ ਚਲਾਉਣਾ ਅਤੇ ਵਧੀਆ ਸੈਰ ਕਰਨ ਦੀਆਂ ਸੁਵਿਧਾਵਾਂ ਦੀ ਪਹੁੰਚ ਵਰਗੇ ਮਹੱਤਵਪੂਰਨ ਮੁੱਦੇ ਧਿਆਨ ਵਿੱਚ ਰੱਖੇ ਜਾਣੇ ਚਾਹੀਦੇ ਹਨ"। (ਵਾਪਸੀ ਸਲਾਹ)*

ਭਾਈਚਾਰੇ ਦੀ ਰਾਏ ਦੇ ਜਵਾਬ ਵਿੱਚ, ਇਹਨਾਂ ਵਿੱਚੋਂ ਬਹੁਤੀਆਂ ਸਿਫ਼ਾਰਿਸ਼ਾਂ ਫੁੱਟਪਾਥ, ਪਖਾਨੇ, ਸੜਕ ਤੇ ਬੈਂਚ, ਪਾਣੀ ਦੇ ਫੁਆਰੇ, ਗਲੀਆਂ ਵਿੱਚ ਰੋਸ਼ਨੀ ਅਤੇ ਪਾਰਕਾਂ ਅਤੇ ਬਾਗਾਂ ਤੇ ਵਿਸ਼ੇਸ਼ ਧਿਆਨ ਦਿੰਦੀਆਂ ਹਨ। ਭਾਵੇਂ ਰਸਤੇ ਵਿੱਚ ਹੋਵੋ ਜਾਂ ਆਪਣੀ ਮੰਜ਼ਿਲ ਤੇ, ਸਾਰੇ ਬੁਨਿਆਦੀ ਢਾਂਚਿਆਂ ਨੂੰ ਬਜ਼ੁਰਗਾਂ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤਾ ਅਤੇ/ਜਾਂ ਅੱਪਗ੍ਰੇਡ ਕੀਤਾ ਜਾਣਾ ਚਾਹੀਦਾ ਹੈ: ਇਹ ਮੰਨਦੇ ਹੋਏ ਕਿ ਉਮਰ ਦੇ ਅਨੁਕੂਲ ਇਹ ਸਾਰਿਆਂ ਦੇ ਅਨੁਕੂਲ ਹੈ। (ਸਿਫਾਰਿਸ਼ਾਂ 40 – 58)

ਜਦੋਂ ਤੁਰਨਾ ਸੰਭਵ ਨਹੀਂ ਹੈ ਤਾਂ ਸਮੀਖਿਆ ਵਿੱਚ ਇਸ ਤਰ੍ਹਾਂ ਦੇ ਤਰੀਕੇ ਪ੍ਰਸਤਾਵਿਤ ਕੀਤੇ ਗਏ ਹਨ ਜੋ ਬਜ਼ੁਰਗਾਂ ਨੂੰ ਭਾਈਚਾਰਕ ਆਵਾਜਾਈ ਦੇ ਵਾਹਨਾਂ ਨੂੰ ਡਰਾਈਵ, ਪਾਰਕ, ਵਰਤਣ ਨੂੰ ਆਸਾਨ ਬਣਾਉਣ ਅਤੇ ਘੱਟ ਭੀੜ ਵਾਲੇ ਸਮਿਆਂ ਦੌਰਾਨ ਮੁਫਤ ਜਨਤਕ ਆਵਾਜਾਈ ਦੀ ਵਰਤੋਂ ਕਰਨ। (ਸਿਫਾਰਿਸ਼ਾਂ 59 - 65)

ਮਹੱਤਵਪੂਰਨ ਢੰਗ ਨਾਲ, ਉਮਰ ਦੀ ਅਨੁਕੂਲਤਾ ਲਈ ਮੂਲ ਸਿਧਾਂਤ ਹੈ ਕਿ ਬਜ਼ੁਰਗਾਂ ਨੂੰ ਸੇਵਾਵਾਂ ਅਤੇ ਬੁਨਿਆਦੀ ਢਾਂਚਿਆਂ ਦੇ ਵਿਕਾਸ, ਨਿਗਰਾਨੀ ਅਤੇ ਸੁਧਾਰ ਵਿੱਚ ਸਰਗਰਮ ਢੰਗ ਨਾਲ ਸ਼ਾਮਲ ਹੋਣਾ ਚਾਹੀਦਾ ਹੈ ਜੋ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ। ਪੂਰੀ ਰਿਪੋਰਟ ਵਿੱਚ Darebin ਨੂੰ ਉਮਰ ਦੇ ਅਨੁਕੂਲ ਬਣਾਉਣ ਲਈ ਬਜ਼ੁਰਗਾਂ ਨੂੰ ਨਿਰੀਖਕ, ਡਿਜ਼ਾਇਨਰ ਅਤੇ ਦੱਸਣ ਵਾਲੇ ਬਣਨ ਦੇ ਮੌਕਿਆਂ ਲਈ ਵਿਸ਼ੇਸ਼ ਸਿਫਾਰਸ਼ਾਂ ਹਨ। (ਸਿਫਾਰਿਸ਼ਾਂ 41, 53, 67, 71, 72, 73, 74, 75, 88, 94, 96)

> *"ਜਦੋਂ ਕੌਂਸਿਲ ਬਾਅਦ ਵਾਲੇ ਕੰਮ ਕਰਦੀ ਹੈ, ਸਾਨੂੰ ਇਕੱਠੇ ਇਕੱਤਰ ਕਰਦੀ ਹੈ, ਮੈਨੂੰ ਕਹਿਣ ਦੀ ਲੋੜ ਹੈ, ਦੇਖੋ – ਇਹ ਉਚਿਤ ਹੈ ਵੀ ਅਤੇ ਨਹੀਂ ਵੀ। ਸਾਨੂੰ ਉਦੋਂ ਵਾਪਸ ਬੁਲਾਓ ਜਦੋਂ ਤੁਸੀਂ ਬਾਅਦ ਵਾਲੇ ਕੰਮ ਤਿਆਰ ਕਰ ਰਹੇ ਹੁੰਦੇ ਹੋ – ਸਾਨੂੰ ਪੁੱਛੋ – ਕੀ ਇਹ ਉਨ੍ਹਾਂ ਲੋੜਾਂ ਨੂੰ ਪੂਰਾ ਕਰਦਾ ਹੈ ਜੋ ਤੁਸੀਂ ਪ੍ਰਗਟ ਕੀਤੀਆਂ ਹਨ"। (ਵਾਪਸੀ ਸਲਾਹ)*



ਜਾਣਕਾਰੀ ਅਤੇ ਡਿਜਿਟਲ ਅਧਿਕਾਰ ਪ੍ਰਦਾਨ ਕਰਨੇ

ਸਾਨੂੰ ਸਪੱਸ਼ਟ ਤੌਰ ਤੇ ਦੱਸਿਆ ਗਿਆ ਸੀ ਕਿ ਉੱਚ ਗੁਣਵੱਤਾ, ਸਬੰਧਿਤ ਜਾਣਕਾਰੀ ਨੂੰ ਸਮੀਖਿਆ ਦੁਆਰਾ ਬਜ਼ੁਰਗਾਂ ਨੂੰ ਆਪਣੀ ਪਸੰਦ ਦੀ ਜਗ੍ਹਾ ਵਿੱਚ ਰਹਿਣ ਅਤੇ ਆਪਣੇ ਭਾਈਚਾਰੇ ਨਾਲ ਜੁੜਣ ਲਈ ਬਹੁਤ ਜ਼ਰੂਰੀ ਤੌਰ ਤੇ ਮਹੱਤਵਪੂਰਣ ਵਜੋਂ ਉਜਾਗਰ ਕੀਤਾ ਗਿਆ ਹੈ। ਹਾਲਾਂਕਿ, ਅਸੀਂ ਭਾਈਚਾਰੇ ਤੋਂ ਇਹ ਵੀ ਸੁਣਿਆ ਹੈ ਕਿ ਜਾਣਕਾਰੀ ਤਾਜ਼ਾ ਹੋਣੀ ਚਾਹੀਦੀ ਹੈ ਅਤੇ ਉਹਨਾਂ ਖੇਤਰਾਂ ਅਤੇ ਮੁੱਦਿਆਂ ਬਾਰੇ ਹੋਣੀ ਚਾਹੀਦੀ ਹੈ ਜਿਸ ਨੂੰ ਬਜ਼ੁਰਗ ਮਹੱਤਵਪੂਰਨ ਸਮਝਦੇ ਹਨ। ਸਮੀਖਿਆ ਇਸ ਲਈ ਇਹ ਸਿਫਾਰਿਸ਼ ਕਰਦੀ ਹੈ ਕਿ DCC ਇੱਕ ਨਿਰੰਤਰ ਬਜ਼ੁਰਗ ਲੋਕਾਂ ਦਾ ਸਹਿਭਾਗੀ ਜਾਣਕਾਰੀ ਪ੍ਰੋਜੈਕਟ ਸਥਾਪਿਤ ਕਰੇ ਜਿੱਥੇ ਬਜ਼ੁਰਗ ਇਸ ਤੇ ਜਾਣਕਾਰੀ ਵਾਲਾ ਫੈਸਲਾ ਲੈਣ ਵਾਲੇ ਹੋਣ ਕਿ ਉਨ੍ਹਾਂ ਦੀਆਂ ਜਾਣਕਾਰੀ ਦੀਆਂ ਲੋੜਾਂ ਕੀ ਹਨ, ਕਿਵੇਂ ਅਤੇ ਕਦੋਂ ਹਨ। (ਸਿਫਾਰਿਸ਼ਾਂ 66 - 67)

> *"ਤਕਨਾਲੋਜੀ ਬਹੁਤ ਡਰਾਵਨੀ ਹੋ ਸਕਦੀ ਹੈ. ਪਿੰਨ ਨੰਬਰ ਦਾ ਪ੍ਰਬੰਧਨ ਕਰਨਾ, ਜਾਣਕਾਰੀ ਨੂੰ ਸੁਰੱਖਿਅਤ ਰੱਖਣਾ। ਮਦਦ ਮੰਗਣ ਲਈ ਕਹਿਣਾ ਇਹ ਸ਼ਰਮ ਵਾਲੀ ਗੱਲ ਹੈ ਪਰ ਇਹ ਬਹੁਤ ਵਧੀਆ ਹੈ ਕਿ ਤੁਸੀਂ ਕੀ ਸਿੱਖ ਸਕਦੇ ਹੋ"। (ਵਾਪਸੀ ਸਲਾਹ)*

ਜਿੱਥੋਂ ਤਕ ਡਿਜਿਟਲ ਸੰਸਾਰ ਜਾਂਦਾ ਹੈ, ਸਮੀਖਿਆ ਕੀਮਤੀ ਸਹਾਇਤਾ ਨੂੰ ਉਜਾਗਰ ਕਰਦੀ ਹੈ ਜਿਸ ਨੂੰ ਬਜ਼ੁਰਗ ਲੋਕਾਂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ ਜੇ ਉਹ ਡਿਜਿਟਲ ਸਾਜ਼ੋ-ਸਾਮਾਨ ਤਕ ਪਹੁੰਚਨ ਅਤੇ ਵਰਤੋਂ ਕਰਨ ਦੇ ਯੋਗ ਹੁੰਦੇ ਹਨ। ਭਾਈਚਾਰੇ ਦੀ ਰਾਏ ਦੇ ਜਵਾਬ ਵਿੱਚ, ਸਮੀਖਿਆ ਇਸ ਲਈ ਡਿਜੀਟਲ ਸਾਜ਼ੋ-ਸਾਮਾਨ ਅਤੇ ਐਪਸ ਦੀ ਵਰਤੋਂ ਵਿਚ ਬਜ਼ੁਰਗ ਲੋਕਾਂ ਲਈ ਸਾਜ਼-ਸਾਮਾਨ ਅਤੇ ਸਿਖਲਾਈ ਉਪਲਬਧ ਕਰਨ ਦੇ ਤਰੀਕਿਆਂ ਦੀ ਸਿਫ਼ਾਰਸ਼ ਕਰਦੀ ਹੈ, ਸਭ ਤੋਂ ਵੱਧ ਕਮਜ਼ੋਰ ਅਤੇ ਅਲੱਗ-ਥਲੱਗ ਰਹਿਣ ਵਾਲਿਆਂ ਉਤੇ ਜ਼ੋਰ ਦੇਣ ਦੇ ਨਾਲ, ਜਿਨ੍ਹਾਂ ਦੀ ਡਿਜੀਟਲ ਯੁੱਗ ਤੋਂ ਬਾਹਰ ਰਹਿਣ ਦੀ ਸੰਭਾਵਨਾ ਹੁੰਦੀ ਹੈ ਅਤੇ ਬਜ਼ੁਰਗਾਂ ਲਈ ਇਸ ਦੇ ਸਾਰੇ ਵਿਸ਼ੇਸ਼ ਲਾਭਾਂ ਦੇ ਨਾਲ। (ਸਿਫਾਰਿਸ਼ਾਂ 68 - 69)



ਸਮਾਜਿਕ ਹਿੱਸੇਦਾਰੀ

ਭਾਈਚਾਰੇ ਦੀ ਰਾਏ ਦੇ ਜਵਾਬ ਵਿੱਚ, ਪੂਰੀ ਸਮੀਖਿਆ ਅਤੇ ਸਿਫਾਰਿਸ਼ਾਂ ਵਿੱਚ ਸਮਾਜਿਕ ਹਿੱਸੇਦਾਰੀ ਦੇ ਸਿਹਤ ਅਤੇ ਭਲਾਈ ਦੇ ਫਾਇਦਿਆਂ ਤੇ ਜ਼ੋਰ ਦਿੱਤਾ ਗਿਆ ਹੈ। ਸਥਾਨਕ ਸਰਕਾਰ ਬਜ਼ੁਰਗਾਂ ਨੂੰ ਉਨ੍ਹਾਂ ਸਮੂਹਾਂ ਅਤੇ ਗਤੀਵਿਧੀਆਂ ਨਾਲ ਜੋੜਣ ਦੇ ਮੌਕੇ ਪ੍ਰਦਾਨ ਕਰਨ ਲਈ ਖਾਸ ਤੌਰ ਤੇ ਮਜ਼ਬੂਤ ਸਥਿਤੀ ਵਿੱਚ ਹੁੰਦੀ ਹੈ ਜੋ ਨਾ ਕੇਵਲ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਜੋੜਦੇ ਹਨ, ਪਰ ਸਥਾਨਕ ਭਾਈਚਾਰੇ ਵਿੱਚ ਵੀ ਯੋਗਦਾਨ ਪਾਉਂਦੇ ਹਨ। DCC ਖਾਸ ਕਰਕੇ, ਸਮਾਜਿਕ ਨਿਆਂ ਵਿੱਚ ਆਪਣੀ ਮਜ਼ਬੂਤ ਪ੍ਰਤਿਬੱਧਤਾ ਦੇ ਨਾਲ ਇਹ ਯਕੀਨੀ ਬਣਾਉਣ ਦੇ ਯੋਗ ਹੁੰਦਾ ਹੈ ਕਿ ਕਮਜ਼ੋਰ, ਅਲੱਗ-ਥਲੱਗ ਬਜ਼ੁਰਗਾਂ ਨੂੰ ਨਿਗਰਾਨੀ ਅਤੇ ਪਹੁੰਚ ਨਾਲ ਮੁੱਖ ਤਰਜੀਹ ਵਜੋਂ ਸ਼ਾਮਲ ਕੀਤਾ ਜਾਵੇ।

ਸਮੀਖਿਆ ਨੇ ਬਜ਼ੁਰਗ ਨਾਗਰਿਕਾਂ ਦੇ ਕਲੱਬਾਂ ਦੇ ਮੈਂਬਰਾਂ ਤੋਂ ਸੁਣਿਆ ਅਤੇ ਇਸ ਲਈ ਕਲੱਬਾਂ ਨੂੰ ਨਿਰਪੱਖਤਾ, ਭਾਈਚਾਰੇ ਦੇ ਕਮਜ਼ੋਰ ਮੈਂਬਰਾਂ ਤੱਕ ਪਹੁੰਚ, ਉਨ੍ਹਾਂ ਦੀ ਸਵੈ-ਇੱਛਤ ਕੋਸ਼ਿਸ਼ ਲਈ ਸਥਿਰਤਾ ਅਤੇ ਸਮਰਥਨ ਦੇ ਨਜ਼ਰੀਏ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ।

ਸਮੀਖਿਆ ਨੇ ਬਜ਼ੁਰਗਾਂ ਦੇ ਗਰੁੱਪਾਂ ਦੇ ਅਮੀਰ ਅਤੇ ਵਿਵਿਧ ਨੈੱਟਵਰਕ ਦੀ ਸਹਾਇਤਾ ਕਰਨ ਅਤੇ ਮਜ਼ਬੂਤ ਬਣਾਉਣ ਦੇ ਕਈ ਤਰੀਕਿਆਂ ਦੇ ਪ੍ਰਸਤਾਵ ਦਿੱਤੇ। ਸੰਚਾਲਨ ਵਰਗੇ ਕਮਜ਼ੋਰ ਖੇਤਰਾਂ ਨੂੰ ਸੁਧਾਰਨ, ਕਮਜ਼ੋਰ ਬਜ਼ੁਰਗ ਲੋਕਾਂ ਦੀ ਪਹੁੰਚ ਨੂੰ ਪ੍ਰੋਤਸ਼ਾਹਿਤ ਕਰਨ, ਮੈਂਬਰਸ਼ਿਪਾਂ ਨੂੰ ਨਵਿਆਂ ਕਰਨ ਅਤੇ ਵਧਾਉਣ ਅਤੇ ਨਵੀਆਂ ਲੋੜਾਂ ਅਤੇ ਘੱਟ-ਨੁਮਾਇੰਦਗੀ ਸਮਾਜਾਂ ਲਈ ਜਵਾਬਦੇਹੀ ਵਧਾਉਣ ਲਈ ਜ਼ਿਆਦਾ ਮਜ਼ਬੂਤ ਬਜ਼ੁਰਗਾਂ ਦੀਆਂ ਭਾਈਚਾਰਕ ਸੰਸਥਾਵਾਂ ਜਿਵੇਂ ਕਿ ਸਹਿ-ਸਥਾਨ ਅਤੇ ਟੀਚਤ ਗ੍ਰਾਂਟਾਂ ਨੂੰ ਉਤਸ਼ਾਹਿਤ ਕਰਨ ਲਈ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਹਨ। (ਸਿਫਾਰਿਸ਼ਾਂ 71 - 74)

> *“ਤੁਸੀਂ ਅਜੇ ਵੀ ਆਪਣੇ ਮੌਜੂਦਾ ਸਮਾਜ ਵਿਚ ਲਾਭਦਾਇਕ ਕਿਵੇਂ ਮਹਿਸੂਸ ਕਰ ਸਕਦੇ ਹੋ? ਰਿਟਾਇਰ ਹੋਏ ਲੋਕਾਂ ਦੇ ਤਜਰਬੇ ਅਤੇ ਮੁਹਾਰਤਾਂ ਦਾ ਅਸੀਂ ਕਿਵੇਂ ਫਾਇਦਾ ਉਠਾਈਏ? ਅਸੀਂ ਸ਼ਾਮਿਲ ਹੋਣਾ ਅਤੇ ਮਾਨਤਾ ਚਾਹੁੰਦੇ ਹਾਂ”। (ਵਾਪਸੀ ਸਲਾਹ)*

ਭਾਈਚਾਰੇ ਦੀ ਰਾਏ ਦੇ ਜਵਾਬ ਵਿੱਚ, ਸਮੀਖਿਆ ਨੇ ਇਹ ਯਕੀਨੀ ਬਣਾਉਣ ਲਈ ਇਹ ਸਿਫਾਰਿਸ਼ਾਂ ਵੀ ਕੀਤੀਆਂ ਕਿ ਬਜ਼ੁਰਗਾਂ ਨੂੰ ਬਹੁਤ ਸਾਰੀਆਂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਉਨ੍ਹਾਂ ਦਾ ਸੁਆਗਤ ਕੀਤਾ ਜਾਵੇ, ਸ਼ਮੂਲੀਅਤ ਨੂੰ ਪ੍ਰੋਤਸਾਹਿਤ ਕਰਨ ਲਈ ਟੀਚਤ ਗ੍ਰਾਂਟਾਂ ਸਮੇਤ। ਉਦਾਹਰਣ ਲਈ, ਇਹ ਸਲਾਹ ਦੇਣ, ਨਿਗਰਾਨੀ ਕਰਨ ਅਤੇ ਯਕੀਨੀ ਬਣਾਉਣ ਲਈ Older Persons Neighbourhood House Inclusion Steering Committee (ਓਲਡਰ ਪਰਸਨਜ਼ ਨੇਬਰਹੁੱਡ ਹਾਊਸ ਇਨਕਲੂਜ਼ਨ ਸਟੀਅਰਿੰਗ ਕਮੇਟੀ) ਨੂੰ ਸਥਾਪਿਤ ਕਰਨ ਲਈ Neighbourhood Houses (ਨੇਬਰਹੁੱਡ ਹਾਊਸਜ਼) ਨਾਲ ਹਿੱਸੇਦਾਰੀ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ ਕਿ ਬਜ਼ੁਰਗ ਲੋਕ Neighbourhood Houses (ਨੇਬਰਹੁੱਡ ਹਾਊਸਜ਼) ਦੁਆਰਾ ਪੇਸ਼ ਕੀਤੀਆਂ ਖਾਸੀਆਂ ਸਾਰੀਆਂ ਗਤੀਵਿਧੀਆਂ ਵਿੱਚ ਪੂਰੀ ਤਰ੍ਹਾਂ ਨਾਲ ਹਿੱਸਾ ਲੈਣ ਦੇ ਯੋਗ ਹੋਣ। (ਸਿਫਾਰਿਸ਼ਾਂ 70 ਅਤੇ ਸਿਫਾਰਿਸ਼ਾਂ 75 - 91)

ਅਸੀਂ ਸੁਣਿਆ ਹੈ ਕਿ ਲਾਇਬ੍ਰੇਰੀਆਂ ਵੀ Darebin ਦੇ ਬਜ਼ੁਰਗ ਨਿਵਾਸੀਆਂ ਨੂੰ ਮੌਕਿਆਂ ਦੀ ਬਹੁਲਤਾ ਪੇਸ਼ ਕਰਦੀਆਂ ਹਨ, ਅਤੇ ਸਮੀਖਿਆ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਵਧਾਉਣ ਲਈ ਲਾਇਬ੍ਰੇਰੀਆਂ ਲਈ ਕਈ ਸਿਫਾਰਿਸ਼ਾਂ ਕੀਤੀਆਂ ਹਨ, ਖਾਸ ਕਰਕੇ ਅਲੱਗ-ਥਲੱਗ, ਕਮਜ਼ੋਰ ਬਜ਼ੁਰਗਾਂ ਲਈ। (ਸਿਫਾਰਿਸ਼ਾਂ 92 - 93)

ਸਮੀਖਿਆ ਨੇ ਵਲੰਟੀਅਰਾਂ ਦੀ ਕਦਰ ਨੂੰ ਉਜਾਗਰ ਕੀਤਾ ਹੈ, ਖਾਸ ਕਰਕੇ ਬਜ਼ੁਰਗ ਵਲੰਟੀਅਰਾਂ ਦੇ ਹੁਨਰਾਂ, ਅਨੁਭਵ ਅਤੇ ਸਮਰੱਥਾ ਨੂੰ ਰੇਖਾਂਕਿਤ ਕਰਨਾ। ਅਸੀਂ ਬਜ਼ੁਰਗਾਂ ਤੋਂ ਸੁਣਿਆ ਕਿ ਉਹ ਆਪਣੇ ਹੁਨਰਾਂ ਅਤੇ ਜਾਣਕਾਰੀ ਨੂੰ ਵਰਤਣਾ ਜਾਰੀ ਰੱਖਣਾ ਚਾਹੁੰਦੇ ਹਨ ਅਤੇ ਰਿਟਾਇਰਮੈਂਟ ਵਿੱਚ ਉਹ ਦੂਜਿਆਂ ਨੂੰ ਵਾਪਸ ਮੌਕਾ ਦੇਣਾ ਚਾਹੁੰਦੇ ਹਨ। ਇਸ ਲਈ ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਬਜ਼ੁਰਗ ਲੋਕਾਂ ਅਤੇ ਹਰ ਉਮਰ ਦੇ ਲੋਕਾਂ ਲਈ ਭਾਈਚਾਰੇ ਵਿੱਚ ਦੂਜਿਆਂ ਲਈ ਯੋਗਦਾਨ ਪਾਉਣ ਲਈ ਮੌਕੇ ਵਿਕਸਤ ਕੀਤੇ ਜਾਣ ਲਈ ਮਹੱਤਵਪੂਰਨ ਵਲੰਟੀਅਰ ਪ੍ਰੋਗਰਾਮ ਵਿਕਸਿਤ ਕੀਤੇ ਜਾਣ। ਸਮੀਖਿਆ ਇਸ ਗੱਲ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਦੀ ਹੈ ਕਿ ਵਾਲੰਟੀਅਰ ਤਨਖਾਹ ਲੈਣ ਵਾਲੇ ਕਰਮੀਆਂ ਦੀ ਥਾਂ ਲੈਣ ਲਈ ਨਹੀਂ ਹਨ, ਬਲਕਿ ਸਾਥੀਆਂ ਦੀ ਸਹਾਇਤਾ ਅਤੇ ਸਮੇਂ ਨਾਲ ਵਧਣ ਅਤੇ ਮਜ਼ਬੂਤ ਕਰਨ ਅਤੇ Darebin ਭਾਈਚਾਰੇ ਤੋਂ ਹੁਨਰਾਂ ਦੀ ਵਰਤੋਂ ਕਰਨ ਲਈ ਹਨ। (ਸਿਫਾਰਿਸ਼ਾਂ 94 - 95)

> *“ਮੈਨੂੰ ਇੱਕ ਗੁਆਂਢੀ ਨਾਲ ਗੱਲਾਂ ਕਰਨ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਮੁੰਡੇ ਨੂੰ ਸਕੂਲ ਵਿੱਚ ਅੰਗ੍ਰੇਜ਼ੀ ਵਿਸ਼ੇ ਵਿੱਚ ਮੁਸ਼ਕਿਲ ਆ ਰਹੀ ਸੀ – ਮੈਂ ਉਸ ਦੀ ਅੰਗ੍ਰੇਜ਼ੀ ਵਿੱਚ ਮਦਦ ਕੀਤੀ ਅਤੇ ਵਧੀਆ ਹੈ – ਉਸ ਨਾਲ ਇਹ ਸੰਪਰਕ ਕਰਨ ਨਾਲ ਮੈਂ ਵਧੀਆ ਕੰਮ ਕੀਤਾ। ਇਹ ਉਨ੍ਹਾਂ ਨੂੰ ਬਜ਼ੁਰਗ ਲੋਕਾਂ ਲਈ ਵੱਖਰਾ ਨਜ਼ਰੀਆ ਪ੍ਰਦਾਨ ਕਰਦਾ ਹੈ”।*

ਉਮਰ ਦੇ ਅਨੁਕੂਲ Darebin ਵੱਲ ਅਗਲੇ ਕਦਮ

> *“ਚੰਗੇ ਸ਼ਾਸਨ ਵਿੱਚ, ਮੇਰੇ ਲਈ, ਸਭ ਤੋਂ ਵਧੀਆ ਗੁਣਵੱਤਾ ਵਾਲੀਆਂ ਸੇਵਾਵਾਂ ਦੀ ਵਿਵਸਥਾ ਵੀ ਸ਼ਾਮਲ ਹੈ, ਜਿੰਨ੍ਹਾਂ ਤੇ ਸਭ ਤੋਂ ਗ਼ਰੀਬ ਲੋਕ ਵੀ ਭਰੋਸੇ ਨਾਲ ਪਹੁੰਚ ਸਕਦੇ ਹਨ। ਇਹ ਉਸ ਦਾ ਹਿੱਸਾ ਹੈ ਜੋ ਇਕ ਲੋਕਤੰਤਰ ਵਿਚ ਰਹਿਣ ਦਾ ਮੇਰੇ ਲਈ ਮਤਲਬ ਹੈ”। (ਵਾਪਸੀ ਸਲਾਹ)*

ਬਹੁਤ ਸਾਰੇ ਤਰੀਕਿਆਂ ਵਿੱਚ ਉਮਰ ਦੇ ਅਨੁਕੂਲ Darebin ਦਾ ਵਿਕਾਸ DCC ਦੀ ਜ਼ਿਆਦਾ ਉਤਸ਼ਾਹੀ, ਜ਼ਿਆਦਾ ਜੁੜਾਅ ਵਾਲੇ ਸ਼ਹਿਰ ਪ੍ਰਤੀ ਵਚਨਬੱਧਤਾ ਨਾਲ ਬਣਦਾ ਹੈ, ਅਤੇ ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਜੀਵਨ ਦੀ ਗੁਣਵੱਤਾ ਯਕੀਨੀ ਬਣਾਉਣ ਦੇ ਨਾਲ ਹੀ ਸਾਰੇ ਗੁਆਂਢੀਆਂ ਦੀ ਸਰੀਰਕ, ਸਮਾਜਿਕ, ਸੱਭਿਆਚਾਰਕ ਅਤੇ ਵਿੱਤੀ ਸਿਹਤ ਨੂੰ ਸੰਭਾਲ ਕੇ ਰੱਖਣ ਅਤੇ ਸੁਧਾਰਨ ਦਾ DCC ਦਾ ਮਿਸ਼ਨ ਹੈ।

ਰਿਪੋਰਟ ਦੇ ਇਸ ਪਹਿਲੇ ਡਰਾਫਟ ਦੇ ਕੌਂਸਿਲ ਅਤੇ ਭਾਈਚਾਰੇ ਦੇ ਵਿਚਾਰ ਤੋਂ ਬਾਅਦ ਅਤੇ ਫੇਰ ਅੱਗੇ ਹੋਰ ਵਿਚਾਰਾਂ ਤੋਂ ਬਾਅਦ, ਅੰਤਿਮ ਰਿਪੋਰਟ, ਇਸ ਦੀ ਉਮੀਦ ਹੈ ਕਿ ਕੌਂਸਿਲ ਅੰਤਿਮ ਰਿਪੋਰਟ ਦੀਆਂ ਸਿਫਾਰਿਸ਼ਾਂ ਦਾ ਜਵਾਬ ਦੇਵੇਗੀ ਅਤੇ ਉਮਰ ਦੇ ਅਨੁਕੂਲ Darebin ਦੇ ਵਿਕਾਸ ਲਈ ਦਿਸ਼ਾ ਤੈਅ ਕਰੇਗੀ।

ਇਸ ਦੀ ਉਮੀਦ ਹੈ ਕਿ ਇਸ ਰਿਪੋਰਟ ਦੀਆਂ ਸਹਿਮਤ ਸਿਫਾਰਿਸ਼ਾਂ ਨੂੰ ਲਾਗੂ ਕਰਨ ਲਈ ਕੌਂਸਿਲ ਨੂੰ ਗਤੀਵਿਧੀਆਂ ਨੂੰ ਤਰਜੀਹ ਦੇਣ ਅਤੇ ਸਰੋਤਾਂ ਨੂੰ ਵੰਡਣ ਦੇ ਸਬੰਧ ਵਿੱਚ ਫੈਸਲੇ ਲੈਣ ਦੀ ਲੋੜ ਹੋਵੇਗੀ, ਜਿਨ੍ਹਾਂ ਵਿੱਚ ਮੌਜੂਦਾ ਸਰੋਤਾਂ ਨੂੰ ਮੁੜ-ਨਿਰਦੇਸ਼ਿਤ ਕਰਨਾ ਜਾਂ ਨਵੇਂ ਜਾਂ ਵਾਧੂ ਸਰੋਤਾਂ ਨੂੰ ਨਿਯਤ ਕਰਨਾ ਸ਼ਾਮਲ ਹੈ।

ਸਮੀਖਿਆ ਨੇ ਸਿਫਾਰਿਸ਼ ਕੀਤੀ ਕਿ DCC ਜਨਰਲ ਮੈਨੇਜਰ ਦੀ ਪ੍ਰਧਾਨਗੀ ਵਾਲੇ Cross Organisational Project Control Group (ਕਰਾਸ ਆਰਗਨਾਈਜ਼ੇਸ਼ਨਲ ਪ੍ਰੋਜੈਕਟ ਕੰਟ੍ਰੋਲ ਗਰੁੱਪ) ਨੂੰ, ਸਹਿਮਤ ਸਿਫਾਰਿਸ਼ਾਂ ਨੂੰ ਲਾਗੂ ਅਤੇ ਨੇੜਿਓਂ ਹੋ ਕੇ ਨਿਗਰਾਨੀ ਕਰਨੀ ਚਾਹੀਦੀ ਹੈ। Project Control Group (ਪ੍ਰੋਜੈਕਟ ਕੰਟ੍ਰੋਲ ਗਰੁੱਪ) DCC ਦੇ Active and Healthy Ageing Advisory Board (ਸਰਗਰਮੀ ਅਤੇ ਤੰਦਰੁਸਤੀ ਸਲਾਹਕਾਰ ਬੋਰਡ) ਅਤੇ ਸਮੀਖਿਆ ਦੁਆਰਾ ਸਿਫਾਰਿਸ਼ ਕੀਤੇ ਹੋਰ ਬਜ਼ੁਰਗ ਲੋਕਾਂ ਦੇ ਸਲਾਹ ਗਰੁੱਪਾਂ ਤੋਂ ਨਿਯਮਿਤ ਸਲਾਹ ਅਤੇ ਮਸ਼ਵਰਾ ਲਵੇਗਾ। (ਸਿਫਾਰਿਸ਼ਾਂ 96)। Project Control Group (ਪ੍ਰੋਜੈਕਟ ਕੰਟ੍ਰੋਲ ਗਰੁੱਪ) ਕੌਂਸਿਲ ਨੂੰ ਪ੍ਰਗਤੀ ਅਤੇ ਸਮੀਖਿਆ ਤੋਂ ਸਹਿਮਤ ਸਿਫਾਰਿਸ਼ਾਂ ਦੀ ਅਗਵਾਈ ਕਰਨ ਵਿੱਚ ਕਿਸੇ ਵੀ ਚੁਣੌਤੀਆਂ ਤੇ ਸਾਲ ਵਿੱਚ ਦੋ ਵਾਰ ਰਿਪੋਰਟ ਕਰੇਗਾ। (ਸਿਫਾਰਿਸ਼ਾਂ 97)



ਸਿਫਾਰਿਸ਼ਾਂ ਦਾ ਸਾਰ

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ .....

My Aged Care (MAC) ਬਾਰੇ ਨਿਗਰਾਨੀ ਅਤੇ ਵਕਾਲਤ ਲਈ ਸਥਾਨਕ ਸੂਝ

1. ਹਾਲਾਂਕਿ ਆਸਟ੍ਰੇਲੀਅਨ ਸਰਕਾਰ ਨੇ DCC ਨੂੰ CHSP ਸੇਵਾਵਾਂ ਲਈ ਬਲੋਕ ਫੰਡਿੰਗ ਪ੍ਰਦਾਨ ਕਰਨਾ ਜਾਰੀ ਰੱਖਿਆ ਹੈ, ਅਤੇ ਮੁਲਾਂਕਣ ਸੇਵਾ ਲਈ ਨਵੇਂ ਪ੍ਰਬੰਧਾਂ ਦੇ ਪੂਰੀ ਤਰ੍ਹਾਂ ਸਪਸ਼ਟ ਹੋਣ ਤਕ, DCC ਖੇਤਰੀ ਮੁਲਾਂਕਣ ਸੇਵਾਵਾਂ (RAS) ਪ੍ਰਦਾਨ ਕਰਨਾ ਜਾਰੀ ਰੱਖੇਗੀ।

2. ਉਦੋਂ ਤੱਕ, ਅਤੇ ਸੰਭਾਵਿਤ ਤੌਰ ਤੇ ਉਸ ਤੋਂ ਬਾਅਦ, ਜਦੋਂ ਆਸਟ੍ਰੇਲੀਆ ਦੀ ਸਰਕਾਰ ਦੇ ਸੁਧਾਰਾਂ ਅਧੀਨ ਨਵੇਂ ਪ੍ਰਬੰਧ ਦੇ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੇ ਹਨ, DCC ਨਵੇਂ ਪ੍ਰਬੰਧਾਂ ਦੀਆਂ ਆਧਾਰ ਰੇਖਾ ਪ੍ਰਦਰਸ਼ਨ ਲੋੜਾਂ ਨੂੰ ਸੂਚਿਤ ਕਰਨ ਲਈ ਮੌਜੂਦਾ ਪ੍ਰੈਕਟਿਸ ਦੀਆਂ ਮਜ਼ਬੂਤੀਆਂ ਅਤੇ ਕਮਜ਼ੋਰੀਆਂ ਦੋਵਾਂ ਨੂੰ ਉਜਾਗਰ ਕਰਦੀ ਸੂਝ ਅਤੇ ਮਾਮਲਿਆਂ ਦਾ ਅਧਿਐਨ ਇਕੱਤਰ ਕਰੇਗਾ।

3. DCC ਨਿਗਰਾਨੀ ਕਰਦਾ ਹੈ:
- a. ਸਿਰਫ Darebin LGA ਨਾਲੋਂ ਸਾਰੇ ਵਿਸਤ੍ਰਿਤ ਲੋੜੀਂਦੇ ਖੇਤਰ ਦੇ MAC ਲਈ ਮੰਗ ਅਤੇ ਪੂਰਤੀ ਰੁਝਾਨ;
- b. CHSP ਦੇ ਮੁਲਾਂਕਣ ਅਤੇ ਵਿਵਸਥਾ ਵਿਚਕਾਰ ਕਾਰਜਾਤਮਕ ਵੱਖਰੇਵਾਂ ('Chinese walls'); ਅਤੇ
- c. MAC ਪ੍ਰਕਿਰਿਆਵਾਂ ਦਾ ਗਾਹਕ ਤੇ ਪ੍ਰਭਾਵ, ਉਦਾਹਰਣ ਲਈ, ਕਿਸੇ ਪ੍ਰਦਾਤਾ ਦੁਆਰਾ ਰੈਫਰਲ ਤੋਂ ਲੈ ਕੇ ਪ੍ਰਤਿਕ੍ਰਿਆ ਤੱਕ ਦਾ ਸਮਾਂ, ਜਾਂ ਜੇ ਗਾਹਕ ਬਿਨਾਂ ਜਵਾਬ ਦੇ ਛੱਡ ਦਿੱਤੇ ਜਾਂਦੇ ਹਨ।

ਬਜ਼ੁਰਗ CALD ਨਿਵਾਸੀ

4. DCC ਉਨ੍ਹਾਂ ਦੇ ਭਾਈਚਾਰਿਆਂ ਤੋਂ ਬਜ਼ੁਰਗਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਹਾਇਤਾ ਕਰਨ ਲਈ ਉਨ੍ਹਾਂ ਦੀ ਸਮਰੱਥਾ ਨੂੰ ਬਣਾਉਣ ਲਈ CALD ਭਾਈਚਾਰਕ ਗਰੁੱਪਾਂ ਨਾਲ ਨਜ਼ਦੀਕੀ ਨਾਲ ਕੰਮ ਕਰਦਾ ਹੈ।

5. DCC ਬਜ਼ੁਰਗ ਲੋਕਾਂ ਲਈ, MAC ਸਮੇਤ ਪ੍ਰੋਗਰਾਮਾਂ ਵਿੱਚ ਭਾਗ ਲੈ ਰਹੇ ਵਿਸ਼ੇਸ਼ CALD ਭਾਈਚਾਰਿਆਂ ਤੋਂ ਬਹੁਤ ਸਾਰੇ ਲੋਕਾਂ ਲਈ ਪ੍ਰਦਰਸ਼ਨ ਟੀਚੇ ਤੈਅ ਕਰਦਾ ਹੈ।

ਬਜ਼ੁਰਗ, ਮੂਲ ਨਿਵਾਸੀ

6. DCC ਸਥਾਨਕ ਮੂਲ ਗਰੁੱਪਾਂ ਰਾਹੀਂ ਆਸਟ੍ਰੇਲੀਆ ਦੀ ਸਰਕਾਰ ਨੂੰ ਵਕਾਲਤ ਲਈ ਇਸ ਦੇ ਸ ਸਮਰਥਨ ਨੂੰਕਾਇਮ ਰੱਖਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ MAC ਸੁਦੇਸ਼ੀ ਲੋਕਾਂ ਨਾਲ ਆਪਣੇ ਜੁੜਾਅ ਅਤੇ ਉਪਯੋਗ ਨੂੰ ਬਿਹਤਰ ਬਣਾਏ।

7. DCC ਬਜ਼ੁਰਗ ਮੂਲ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਚੰਗੇ ਅਤੇ ਮਾੜੇ ਅਭਿਆਸਾਂ ਦੀ ਪਛਾਣ ਕਰਦਾ ਹੈ ਅਤੇ MAC ਲਈ ਪ੍ਰੈਕਟਿਸ ਦਿਸ਼ਾ ਨਿਰਦੇਸ਼ਾਂ ਨੂੰ ਬਿਹਤਰ ਬਣਾਉਣ ਲਈ ਇਸ ਨੂੰ ਆਸਟ੍ਰੇਲੀਆ ਦੀ ਸਰਕਾਰ ਨਾਲ ਸੰਚਾਰ ਕਰਦਾ ਹੈ, ਖਾਸ ਕਰਕੇ Darebin ਦੇ ਮੂਲ ਨਿਵਾਸੀਆਂ ਨੂੰ ਸੇਵਾਵਾਂ ਦੇਣ ਵਿੱਚ।

8. DCC ਮੌਜੂਦਾ ਦਰਾਂ ਨੂੰ ਸੁਧਾਰਨ ਦੇ ਉਦੇਸ਼ ਨਾਲ ਟੀਚਤ ਕੰਮ ਕਰਵਾਉਂਦਾ ਹੈ ਜਿਨ੍ਹਾਂ ਤੇ ਯੋਗ ਮੂਲ ਨਿਵਾਸੀ ਮੁਲਾਂਕਣ ਵਿੱਚ ਜੁੜੇ ਹੋਏ ਹਨ ਅਤੇ ਸਿਫਾਰਿਸ਼ ਕੀਤੀ ਬਜ਼ੁਰਗਾਂ ਦੀ ਦੇਖਭਾਲ ਸੇਵਾਵਾਂ ਨਾਲ ਜੁੜੇ ਹਨ।

ਸੇਵਾ ਅਦਾਇਗੀ ਲਈ ਵਿਕਲਪ

ਵਿਕਲਪ 1: DCC, CHSP ਸੇਵਾਵਾਂ ਦੇਣ ਨੂੰ ਜਾਰੀ ਰੱਖੇਗਾ ਅਤੇ ਅਨੁਕੂਲ ਬਣਾਏਗਾ

9. ਜਦਕਿ ਆਸਟ੍ਰੇਲੀਆ ਦੀ ਸਰਕਾਰ CHSP ਲਈ DCC ਨੂੰ ਬਲੋਕ ਗ੍ਰਾਂਟ ਦੇਣਾ ਜਾਰੀ ਰੱਖਿਆ ਹੈ, DCC, CHSP ਸੇਵਾਵਾਂ ਦੇਣਾ ਜਾਰੀ ਰੱਖਦੀ ਹੈ।

10. DCC ਸਲਾਹ-ਮਸ਼ਵਰੇ ਅਤੇ ਬਜ਼ੁਰਗ ਲੋਕਾਂ ਦੇ ਨਾਲ ਸਹਿ-ਡਿਜ਼ਾਇਨ ਦੁਆਰਾ ਵੱਧ ਤੋਂ ਵੱਧ ਆਜ਼ਾਦੀ, ਸਮਾਜਿਕਤਾ ਅਤੇ ਸ਼ਮੂਲੀਅਤ ਸਮੇਤ, ਸੇਵਾ ਪ੍ਰਭਾਵਿਕਤਾ ਅਤੇ ਪ੍ਰਭਾਵ ਦੇ ਨਿਰੰਤਰ ਸੁਧਾਰ ਲਈ ਵਚਨਬੱਧ ਹੈ।

ਘਰੇਲੂ ਸਹਾਇਤਾ

11. DCC ਦਾ ਧਿਆਨ ਬਜ਼ੁਰਗ ਵਿਅਕਤੀ ਦੇ ਭਰੋਸੇ ਅਤੇ ਰੋਜ਼ਾਨਾ ਦੇ ਕੰਮਾਂ ਨੂੰ ਕਰਨ ਦੀ ਯੋਗਤਾ ਨੂੰ ਬਣਾਉਣ ਵਿੱਚ ਸਹਾਇਤਾ ਕਰਨ ਉਤੇ ਹੈ, ਕਾਮੇ ਉਹ ਕੰਮ ਕਰਦੇ ਹਨ ਜੋ ਗਾਹਕਾਂ ਦੀ ਸਮਰੱਥਾ ਤੋਂ ਬਾਹਰ ਹੁੰਦੇ ਹਨ।

ਵਿਅਕਤੀਗਤ ਦੇਖਭਾਲ

12. DCC ਹਫਤੇ ਦੇ ਅਖੀਰਲੇ ਦਿਨਾਂ ਤੇ ਵਿਅਕਤੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਤੇ ਵਿਚਾਰ ਕਰਦੀ ਹੈ।

ਲਚਕੀਲੀ ਰਾਹਤ

13. DCC ਇਨ੍ਹਾਂ ਵਿਚੋਂ ਕਿਸੇ ਇੱਕ ਨੂੰ ਕਰਨ ਦੌਰਾਨ CHSP ਰਾਹੀਂ ਫੰਡ ਕੀਤੀ ਰਾਹਤ ਦੇਣ ਦੀ ਵੰਡ ਦੇ ਨਜ਼ਰੀਏ ਨਾਲ ਰਾਹਤ ਦੀ ਮੰਗ ਨੂੰ ਨਜ਼ਦੀਕੀ ਨਾਲ ਨਿਗਰਾਨੀ ਕਰਦਾ ਹੈ (i) HCPs (ਵਿਕਲਪ 2) ਰਾਹੀਂ ਰਾਹਤ ਪੇਸ਼ ਕਰਨਾ; ਜਾਂ (ii) ਪੁਸ਼ਟੀ ਕਰਨਾ ਕਿ ਹੋਰ ਪ੍ਰਦਾਤਾ ਗੁਣਵੱਤਾ ਅਤੇ ਸਮੇਂ ਸਿਰ ਜਵਾਬ ਦੇਣ ਲਈ ਉਪਲਬਧ ਹਨ॥

ਪਹੁੰਚਾਏ ਗਏ ਖਾਣੇ

14. DCC ਦੀ ਖਾਣੇ ਦੀ ਸੇਵਾ ਨਿਮਨਲਿਖਤ ਕਰਨ ਲਈ ਮੁੜ-ਡਿਜ਼ਾਇਨ ਕੀਤੀ ਗਈ ਹੈ:
- a. ਬਜ਼ੁਰਗਾਂ ਨੂੰ ਉਨ੍ਹਾਂ ਦੇ ਖੁਦ ਦੇ ਖਾਣੇ ਬਣਾਉਣ ਅਤੇ ਖਾਣਿਆਂ ਨੂੰ ਸਾਂਝਾ ਕਰਨ ਵਿੱਚ ਸਹਾਇਤਾ ਕਰਨ ਤੇ ਹੋਰ ਜ਼ੋਰ ਦੇਣਾ;
- b. ਉਹ ਖਾਣੇ ਪ੍ਰਦਾਨ ਕਰਨਾ ਜੋ ਨਿਵਾਸੀਆਂ ਦੇ ਆਹਾਰ ਅਤੇ ਸੱਭਿਆਚਾਰਕ ਪਸੰਦਾਂ ਨਾਲ ਬਿਹਤਰ ਮੇਲ ਖਾਂਦੇ ਹਨ;
- c. ਵਿਕਲਪਿਕ ਪ੍ਰਦਾਤਾਵਾਂ ਨੂੰ ਜੋੜਣ ਤੇ ਵਿਚਾਰ ਕਰਨਾ, ਸੱਭਿਆਚਾਰਕ ਤੌਰ ਤੇ ਉਚਿਤ ਸਥਾਨਕ ਭੋਜਨ ਵਿਕਰੇਤਾ ਦੇ ਵਿਸਤ੍ਰਿਤ ਖੇਤਰ ਤੋਂ ਘਰ ਪਹੁੰਚਾਉਣ ਦੀਆਂ ਸੇਵਾਵਾਂ ਦੇ ਨਵੀਨਤਮ ਵਿਕਾਸ ਸਮੇਤ; ਅਤੇ
- d. ਉਨ੍ਹਾਂ ਨਿਵਾਸੀਆਂ ਦੀ ਗਿਣਤੀ ਨੂੰ ਵਧਾਉਣਾ ਜੋ ਆਪਣੇ ਘਰ ਤੋਂ ਬਾਹਰ ਭੋਜਨ ਲਈ ਜਾਂਦੇ ਹਨ, ਸੰਭਾਵਿਤ ਤੌਰ ਤੇ ਪ੍ਰਸਤਾਵਿਤ ਵਲੰਟੀਅਰ ਸੇਵਾਵਾਂ ਦੁਆਰਾ ਸਪਲਾਈ ਕੀਤੇ ਵਲੰਟੀਅਰਾਂ ਦੀ ਵਧੇਰੇ ਵਰਤੋਂ ਕਰਕੇ।

ਸਮਾਜਿਕ ਸਹਾਇਤਾ

15. DCC ਮਨੋਰੋਗ ਵਾਲੇ ਬਜ਼ੁਰਗਾਂ ਲਈ ਬਹੁਤ ਵਧੀਆ ਅਤੇ ਵਿਲੱਖਣ ਸਮਾਜਿਕ ਸਹਾਇਤਾ ਪ੍ਰੋਗਰਾਮ ਵਜੋਂ Yanada House (ਯਾਨਾਡਾ ਹਾਉਸ) ਨੂੰ ਉਤਸ਼ਾਹਿਤ ਕਰਦਾ ਹੈ ਅਤੇ ਵਿਹਾਰਿਕਤਾ ਨੂੰ ਯਕੀਨੀ ਬਣਾਉਣ ਲਈ ਗਿਣਤੀ ਨੂੰ ਵਧਾਉਣ ਦੀ ਕੋਸ਼ਿਸ਼ ਕਰਦਾ ਹੈ।

ਇਸ ਵਿੱਚ ਅਸਫਲ ਹੋਣ ਤੇ, DCC, Yanada House (ਯਾਨਾਡਾ ਹਾਉਸ) ਦੇ ਗਾਹਕਾਂ ਲਈ ਡੀਮੈਨਸ਼ੀਆ ਗਰੁੱਪ ਸਥਾਪਿਤ ਕਰਨ ਲਈ ਸਮਾਜਿਕ ਸਹਾਇਤਾ ਗਰੁੱਪਾਂ ਦੇ ਹੋਰ ਪ੍ਰਦਾਤਾਵਾਂ ਦੇ ਹਿੱਤਾਂ ਦਾ ਪਤਾ ਲਗਾਉਂਦਾ ਹੈ।

ਭਾਈਚਾਰਕ ਆਵਾਜਾਈ

16. DCC ਇਹ ਯਕੀਨੀ ਬਣਾਉਣ ਤੇ ਧਿਆਨ ਕੇਂਦਰਿਤ ਕਰਦਾ ਹੈ ਕਿ ਭਾਈਚਾਰਕ ਬੱਸ ਦੀ ਉਪਲਬਧਤਾ ਜ਼ਿਆਦਾਤਰ ਇਨ੍ਹਾਂ ਦੁਆਰਾ ਪੂਰੀ ਤਰ੍ਹਾਂ ਦੁਆਰਾ ਵਰਤੀ ਗਈ ਹੈ:
- a. ਮੰਗ ਵਧਾਉਣ ਲਈ;
- b. ਰਸਤੇ ਵਿੱਚ ਲਚਕ ਨੂੰ ਵਧਾਉਣ ਲਈ;
- c. ਘਰ ਤੋਂ ਘਰ ਜਵਾਬਦੇਹੀ ਅਤੇ ਉਪਲਬਧਤਾ ਨੂੰ ਵਧਾਉਣ ਲਈ ਨਵੇਂ ਉਪਲਬਧ ਡਿਜਿਟਲ ਨੈਟਵਰਕ ਔਜ਼ਾਰਾਂ ਨੂੰ ਵਰਤਣ ਦੀ ਸੰਭਾਵਨਾ ਨੂੰ ਲੱਭ ਕੇ; ਅਤੇ
- d. ਬੋਰਡਿੰਗ ਅਤੇ ਕਮਰੇ ਵਾਲੇ ਘਰਾਂ, ਜਨਤਕ ਘਰਾਂ ਅਤੇ ਹੋਰ ਕਮਜ਼ੋਰ ਗਰੁੱਪਾਂ, ਅਤੇ Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਵਿੱਚ ਰਹਿ ਰਹੇ ਬਜ਼ੁਰਗਾਂ ਦੁਆਰਾ ਭਾਈਚਾਰਕ ਆਵਾਜਾਈ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨਾ, ਬਜ਼ੁਰਗਾਂ ਦੇ ਸਮੂਹ ਦਾ ਵਿਸਥਾਰ ਕਰਨ ਲਈ ਜੋ ਆਪਣੀ ਉਪਲਬਧਤਾ ਬਾਰੇ ਜਾਣਦੇ ਹਨ ਅਤੇ ਇਸ ਨੂੰ ਕਿਵੇਂ ਵਰਤਣਾ ਹੈ।

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ...

ਘਰ ਦੀ ਸਾਂਭ-ਸੰਭਾਲ

17. ਘਰ ਦੀ ਸਾਂਭ-ਸੰਭਾਲ ਸੇਵਾਵਾਂ ਦੀ ਖੁਦ ਦੀ ਵਿਵਸਥਾ ਤੋਂ ਇਲਾਵਾ, DCC ਸਥਾਨਕ ਟਰੇਡਜ਼ ਦੇ ਵਿਅਕਤੀਆਂ ਦਾ ਇੱਕ ਪੈਨਲ ਸਥਾਪਿਤ ਕਰਨ ਦੀ ਜਾਂਚ ਕਰਦਾ ਹੈ ਜੋ DCC ਦੁਆਰਾ ਪ੍ਰਦਾਨ ਕੀਤੇ ਗਏ ਕੰਮ ਨਾਲੋਂ ਵਧੇਰੇ ਵਿਆਪਕ ਕੰਮ ਕਰਨ ਲਈ ਤਿਆਰ ਹੋਣਗੇ।

ਬਾਗਬਾਨੀ

18. DCC ਬਾਗਬਾਨੀ ਸੇਵਾਵਾਂ ਪ੍ਰਦਾਨ ਕਰਦਾ ਹੈ ਜਿਸ ਵਿੱਚ ਘਾਹ ਕੱਟਣਾ ਸ਼ਾਮਲ ਹੁੰਦਾ ਹੈ ਅਤੇ ਨਾਲ ਹੀ DCC ਸਟਾਫ ਬਾਗ ਵਿੱਚ ਬਜ਼ੁਰਗਾਂ ਦੇ ਨਾਲ ਕੰਮ ਕਰਦਾ ਹੈ।

19. DCC ਸਯਕ ਦੇ ਨਾਲ ਲੱਗਦਾ ਘਾਹ ਕੱਟਣ ਅਤੇ ਲਟਕੇ ਹੋਏ ਦਰਖਤਾਂ ਅਤੇ ਝਾੜੀਆਂ ਛਟਾਈ ਸੇਵਾ ਪ੍ਰਦਾਨ ਕਰਦਾ ਹੈ ਕਿਉਂਕਿ ਇਹ ਸੈਰ ਕਰਨ ਅਤੇ ਫੁੱਟਪਾਥਾਂ ਤੇ ਪਹੀਆਂ ਉਤੇ ਚੱਲਣ ਸਮੇਂ ਬਜ਼ੁਰਗਾਂ ਲਈ ਜੋਖਿਮ ਵਾਲੇ ਖਤਰੇ ਹੋ ਸਕਦੇ ਹਨ।

ਵਿਕਲਪ 2: DCC, CHSP ਨੂੰ ਜਾਰੀ ਰੱਖੇਗਾ ਅਤੇ ਗਾਹਕਾਂ ਦੀ ਸੰਭਾਲ ਦੀ ਨਿਰੰਤਰਤਾ ਅਤੇ ਸੇਵਾ ਦੇ ਸਿਲਸਿਲੇ ਨੂੰ ਵਧਾਉਣ ਲਈ **Home Care Packages (HCP)** ਦੀ ਅਦਾਇਗੀ ਦਾ ਵਿਸਤਾਰ ਕਰਨ ਦੀ ਨਿਭਣਯੋਗਤਾ ਦਾ ਮੁਆਇਨਾ ਕਰੇਗਾ

20. ਹਾਲਾਂਕਿ ਆਸਟ੍ਰੇਲੀਆ ਦੀ ਸਰਕਾਰ ਵਲੋਂ CHSP ਲਈ ਬਲੋਕ ਫੰਡਿੰਗ ਜ਼ਾਰੀ ਰਹਿੰਦੀ ਹੈ, DCC, HCP ਸੇਵਾ ਲਈ ਇੱਕ ਵਿਸਤ੍ਰਿਤ ਵਪਾਰਕ ਕੇਸ ਅਤੇ ਓਪਰੇਟਿੰਗ ਮਾਡਲ ਨੂੰ ਵਿਕਸਿਤ ਕਰਕੇ ਸਕਾਰਾਤਮਕ ਢੰਗ ਨਾਲ DCC ਦੁਆਰਾ HCP ਪੱਧਰ 1-4 ਪ੍ਰਦਾਨ ਕਰਨ ਦੀ ਸਾਰਥਕਤਾ ਦੀ ਜਾਂਚ ਕਰਦਾ ਹੈ। ਜ਼ਿਆਦਾ ਗਾਹਕ ਫੀਸਾਂ ਅਤੇ ਸੇਵਾ ਲਾਗਤਾਂ ਨੂੰ ਲਾਗੂ ਕਰਨ ਲਈ DCC ਨਾਲ ਸਬੰਧਤ ਸੋਭਾ ਸਬੰਧੀ ਜੋਖਿਮ ਨੂੰ ਵਪਾਰਕ ਕੇਸ ਵਿੱਚ ਸਪਸ਼ਟ ਤੌਰ ਤੇ ਹੱਲ ਕਰਨਾ ਚਾਹੀਦਾ ਹੈ।

ਵਿਕਲਪ 3: DCC ਦਾ CHSP ਅਤੇ/ਜਾਂ HCPs ਦੇ ਪ੍ਰਤਿਯੋਗੀ ਪ੍ਰਦਾਤਾ ਵਜੋਂ ਬਜ਼ਾਰ ਵਿੱਚ ਦਾਖਲ ਹੋਣਾ

21. ਜੇ ਆਸਟ੍ਰੇਲੀਆ ਦੀ ਸਰਕਾਰ ਵਲੋਂ CHSP ਲਈ ਬਲੋਕ ਫੰਡਿੰਗ ਬੰਦ ਹੋ ਜਾਂਦੀ ਹੈ, ਤਾਂ DCC CHSP ਸੇਵਾ ਅਦਾਇਗੀ ਬੰਦ ਕਰ ਦਿੰਦਾ ਹੈ, HCPs ਪ੍ਰਦਾਨ ਨਹੀਂ ਕਰਦਾ ਅਤੇ ਵਿਕਲਪ 4 ਲਾਗੂ ਕਰਦਾ ਹੈ, ਮੌਜੂਦਾ ਗਾਹਕਾਂ ਨੂੰ ਵਿਕਲਪਿਕ ਪ੍ਰਦਾਤਾ ਕੋਲ ਤਬਦੀਲ ਕਰਨ ਰਾਹੀਂ ਸਹਾਇਤਾ ਕਰਨ ਸਮੇਤ।

ਵਿਕਲਪ 4: DCC ਨੂੰ ਸਮਾਜਿਕ ਸਮਾਵੇਸ਼ ਸੇਵਾ ਅਦਾ ਕਰਨੀ ਪੈਂਦੀ ਹੈ ਨਾਲ ਹੀ ਕਮਜ਼ੋਰ ਬਜ਼ੁਰਗਾਂ ਦੇ **MAC** ਜੋਖਿਮਾਂ ਨੂੰ ਵੀ ਹੱਲ ਕਰਨਾ ਪੈਂਦਾ ਹੈ

22. ਜੇ ਕਾਮਨਵੈਲਥ ਸਰਕਾਰ CHSP ਦੇਣ ਲਈ ਬਲੋਕ ਗ੍ਰਾਂਟ ਨਾਲ DCC ਦੀ ਫੰਡਿੰਗ ਰੋਕ ਦਿੰਦੀ ਹੈ, ਤਾਂ DCC ਨੂੰ ਵਿਕਲਪ 4 ਵਿੱਚ ਦੱਸੇ ਅਨੁਸਾਰ ਇਹ ਕਰਦੇ ਹੋਏ ਸਮਾਜਿਕ ਸਮਾਵੇਸ਼ ਸੇਵਾ ਪ੍ਰਦਾਨ ਕਰਨੀ ਚਾਹੀਦੀ ਹੈ:

- ਆਪਣੀ ਖੁਦ ਦੀ ਸਰੋਤ ਆਮਦਨੀ ਨੂੰ ਵਾਪਸ ਕਰਨਾ;
- ਖੇਤਰੀ ਮੁਲਾਂਕਣ ਸੇਵਾਵਾਂ ਦੇਣੀਆਂ ਬੰਦ ਕਰਨਾ; ਅਤੇ
- ਨਿਗਰਾਨੀ ਅਤੇ ਸਮਾਜਿਕ ਸਮਾਵੇਸ਼ ਸੇਵਾਵਾਂ ਦੇਣ ਲਈ ਮੁਲਾਂਕਣ ਅਫਸਰਾਂ ਅਤੇ ਘਰੇਲੂ ਸਹਾਇਤਾ ਕਾਮਿਆਂ ਲਈ ਨਵੀਆਂ ਭੂਮਿਕਾਵਾਂ ਪ੍ਰਦਾਨ ਕਰਨੀਆਂ।

23. ਜਿੱਥੇ ਲੋੜ ਹੋਵੇ ਉੱਥੇ DCC ਸਮਾਜਿਕ ਸਮਾਵੇਸ਼ ਸੇਵਾ ਦਾ ਸਮਰਥਨ ਕਰਨ ਲਈ ਹੋਰ ਤੀਬਰ ਜੁੜਾਅ ਦੇ ਨਾਲ ਵਲੰਟੀਅਰ ਸੇਵਾ ਪ੍ਰਦਾਨ ਕਰਦਾ ਹੈ:

- ਵਲੰਟੀਅਰ ਤਨਖਾਹ ਲੈਣ ਵਾਲੇ ਕਰਮੀਆਂ ਨੂੰ ਨਹੀਂ ਬਦਲਣਗੇ, ਬਲਕਿ ਸਮਾਜਿਕ ਸਮਾਵੇਸ਼ ਕਰਮੀ ਲੋੜ ਅਨੁਸਾਰ ਹੋਰ ਤੀਬਰ ਅਤੇ ਅਣਉਪਚਾਰਿਕ ਸੰਪਰਕ ਪ੍ਰਦਾਨ ਕਰਨ ਲਈ ਵਲੰਟੀਅਰਾਂ ਨੂੰ ਬੁਲਾਉਣਗੇ;
- ਵਲੰਟੀਅਰ ਸੇਵਾ ਵਿੱਚ ਅਲੱਗ-ਥਲੱਗ ਬਜ਼ੁਰਗਾਂ ਲਈ ਬਜ਼ੁਰਗ ਲੋਕ ਵਲੰਟੀਅਰਾਂ ਵਜੋਂ ਸ਼ਾਮਲ ਹੋਣਗੇ।

24. ਸਮਾਜਿਕ ਸਮਾਵੇਸ਼ ਸੇਵਾ ਦੇ ਨਾਲ-ਨਾਲ, DCC ਆਪਣੀ ਖੁਦ ਦੀ ਸਿੱਧੇ ਤੌਰ ਤੇ ਫੰਡ ਪ੍ਰਾਪਤ ਸੇਵਾ ਜਾਰੀ ਰੱਖਦੀ ਹੈ ਜਿੱਥੇ ਇਹ ਖਤਰਾ ਹੁੰਦਾ ਹੈ ਕਿ ਕਮਜ਼ੋਰ CHSP ਗਾਹਕ 'ਸੇਵਾ ਵਿੱਚ ਕਮੀਆਂ' ਕਾਰਨ ਜਾਂ 'ਘੱਟ ਸਰਗਰਮ ਮਾਰਕਿਟ' ਹੋਣ ਕਾਰਨ ਵਧਦੀ ਉਮਰ ਲਈ ਜ਼ਰੂਰੀ ਸੇਵਾਵਾਂ ਤੇ ਪਹੁੰਚ ਬਣਾਉਣ ਦੇ ਯੋਗ ਨਾ ਹੋ ਸਕਣ ਉਦਾਹਰਣ ਲਈ: ਪਹੁੰਚਾਏ ਗਏ ਭੋਜਨ ਅਤੇ ਘਰ ਦੀ ਸਾਂਭ-ਸੰਭਾਲ (ਬਾਗਬਾਨੀ ਸਮੇਤ)।

ਆਪਣਾ ਘਰ ਕਹਿਣ ਲਈ ਕੋਈ ਜਗ੍ਹਾ

ਘਰ ਲੈਣ ਦੀ ਸਮਰੱਥਾ

25. DCC ਉਨ੍ਹਾਂ ਸਕੀਮਾਂ ਦਾ ਮੁਆਇਨਾ ਕਰਦੀ ਹੈ ਜੋ ਉਨ੍ਹਾਂ ਨਿੱਜੀ ਮਕਾਨ ਮਾਲਕਾਂ ਨੂੰ ਰਿਆਇਤੀ ਦਰਾਂ ਦਿੰਦੀਆਂ ਹਨ ਜੋ ਘੱਟ ਆਮਦਨੀ ਵਾਲੇ ਬਜ਼ੁਰਗਾਂ ਤੋਂ ਘੱਟ ਕਿਰਾਏ ਲੈਂਦੇ ਹਨ।

26. DCC ਸਮਰਥਿਤ ਰਿਹਾਇਸ਼ੀ ਸੇਵਾਵਾਂ (SRS) ਜਾਂ ਕਮਰੇ ਦੇ ਘਰਾਂ ਵਿੱਚ ਰਹਿ ਰਹੇ ਬੇਘਰੇ ਅਤੇ/ਜਾਂ ਬਜ਼ੁਰਗ ਲੋਕਾਂ ਲਈ ਵਰਤੀਆਂ ਜਾਣ ਵਾਲੀਆਂ ਪੂਰੀ ਤਰ੍ਹਾਂ ਪਹੁੰਚਯੋਗ ਜਨਤਕ ਅਤੇ ਭਾਈਚਾਰਕ ਰਿਹਾਇਸ਼ੀ ਭੰਡਾਰ ਦੀ ਮਾਤਰਾ ਵਧਾਉਣ ਲਈ ਵਾਧੂ ਜ਼ਮੀਨ ਨੂੰ ਖਰੀਦਣ ਜਾਂ ਸੰਭਾਵਿਤ ਸਮਾਜਿਕ ਰਿਹਾਇਸ਼ੀ ਪ੍ਰਦਾਤਾਵਾਂ ਜਾਂ ਰਿਹਾਇਸ਼ੀ ਦਫਤਰ ਨਾਲ ਭਾਈਵਾਲੀ ਨਾਲ ਆਪਣੀ ਖੁਦ ਦੀ ਜ਼ਮੀਨ ਦੀ ਵਿਕਲਪਿਕ ਵਰਤੋਂ ਤੇ ਵਿਚਾਰ ਕਰਦਾ ਹੈ।

27. ਨਿਜੀ ਰਿਹਾਇਸ਼ੀ ਪਹੁੰਚ ਲਈ ਘੱਟ ਤੋਂ ਘੱਟ ਨਿਯਮਤ ਕਰਨ ਲਈ DCC ਆਪਣੀ ਕੋਸ਼ਿਸ਼ਾਂ ਨੂੰ ਨਵੇਂ ਸਿਰੇ ਤੋਂ ਪ੍ਰੇਰਿਤ ਕਰਦਾ ਹੈ ਤਾਂ ਜੋ ਕਮਜ਼ੋਰ ਬਜ਼ੁਰਗ ਲੋਕਾਂ ਲਈ ਹੋਰ ਪਹੁੰਚਯੋਗ ਕਿਰਾਏ ਦੇ ਘਰ ਹੋਣ।

ਘਰ ਪਹੁੰਚਯੋਗਤਾ

28. DCC ਆਪਣੀ ਯੋਜਨਾ ਦੀਆਂ ਜ਼ਰੂਰਤਾਂ ਵਿਚ ਪਹੁੰਚ ਕਰਨ ਲਈ ਆਪਣੀ ਪਹੁੰਚ ਨੂੰ ਇਸ ਰਾਹੀਂ ਨਵੀਨੀਕਰਨ ਕਰਦਾ ਹੈ:

a. ਯੋਜਨਾਬੰਦੀ ਸਕੀਮ ਵਿਚ ਮੌਜੂਦਾ ਔਜ਼ਾਰਾਂ/ਲੀਵਰ ਦੀ ਸਮੀਖਿਆ ਕਰਨਾ ਜਿਸ ਨੂੰ ਰਿਹਾਇਸ਼ ਵਿਚ ਸੁਵਿਧਾਜਨਕ ਵਿਸ਼ੇਸ਼ਤਾਵਾਂ ਨੂੰ ਉਤਸ਼ਾਹਿਤ ਕਰਨ/ਲੋੜੀਂਦਾ ਹੋਣ ਲਈ ਵਰਤਿਆ ਜਾ ਸਕਦਾ ਹੈ;

b. ਘਰ ਬਨਾਉਣ ਵਾਲਿਆਂ ਨੂੰ ਸਮਰਥਨ ਦੇਣ ਲਈ ਵਧੇਰੇ ਸਾਧਨਾਂ ਅਤੇ ਸੰਸਾਧਨਾਂ ਦਾ ਵਿਕਾਸ; ਅਤੇ

c. Banyule City Council (Banyule ਸਿਟੀ ਕੌਂਸਿਲ) ਦੀ ਤਰ੍ਹਾਂ ਰਹਿਣ ਯੋਗ ਰਿਹਾਇਸ਼ੀ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨਾ।

ਸਮਰੱਥਾ ਅਤੇ ਪਹੁੰਚ ਲਈ ਵਕਾਲਤ

29. DCC, City of Whittlesea (Whittlesea ਸ਼ਹਿਰ) ਦੀ ਤਰ੍ਹਾਂ ਨੀਤੀ ਸਥਿਤੀ ਅਤੇ ਸਮਰਥਨ ਵਚਨਬੱਧਤਾਵਾਂ ਨੂੰ ਅਪਣਾਉਂਦਾ ਹੈ:

- "ਇਹ ਕਿ ਹਰੇਕ ਵਿਅਕਤੀ ਕੋਲ ਭਾਈਚਾਰਕ ਜ਼ਿੰਦਗੀ ਵਿੱਚ ਆਪਣੀ ਹਿੱਸੇਦਾਰੀ ਅਤੇ ਰਹਿਣ ਦੀ ਭਾਵਨਾ ਦੇ ਯੋਗ ਹੋਣ ਲਈ ਕਿਫਾਇਤੀ, ਉਚਿਤ ਅਤੇ ਮੁਨਾਸਬ ਰਿਹਾਇਸ਼ ਦਾ ਅਧਿਕਾਰ ਹੈ"।
- **ਵਚਨਬੱਧਤਾ 1:** ਰਾਜ-ਵਿਆਪਕ ਯੋਜਨਾਬੰਦੀ ਉਪਾਅ ਅਪਣਾਏ ਜਾਣੇ ਚਾਹੀਦੇ ਹਨ ਜੋ ਸਮਾਜਿਕ ਅਤੇ ਕਿਫਾਇਤੀ ਰਿਹਾਇਸ਼ (ਵਿਕਟੋਰੀਆ ਸਰਕਾਰ) ਨੂੰ ਫਤਵਾ ਦਿੰਦੇ ਅਤੇ ਉਤਸ਼ਾਹਿਤ ਕਰਦੇ ਹਨ।
- **ਵਚਨਬੱਧਤਾ 2:** ਸਾਰੇ ਨਵੇਂ ਸਮਾਜਿਕ ਰਿਹਾਇਸ਼ੀ ਨਿਵਾਸਾਂ ਨੂੰ ਰਹਿਣ ਯੋਗ ਰਿਹਾਇਸ਼ੀ ਡਿਜ਼ਾਇਨ ਦਿਸ਼ਾ ਨਿਰਦੇਸ਼ਾਂ ਰਿਹਾਇਸ਼ੀ (ਵਿਕਟੋਰੀਆ ਸਰਕਾਰ) ਦੀ ਪਾਲਣਾ ਕਰਨ ਦੀ ਲੋੜ ਹੈ।
- **ਵਚਨਬੱਧਤਾ 3:** ਸਾਰੇ ਜੀਵਨ-ਪੜਾਵਾਂ ਵਿਚ ਲੋਕਾਂ ਦੀ ਸਹਾਇਤਾ ਕਰਨ ਲਈ ਰਿਹਾਇਸ਼ ਅਤੇ ਬੇਘਰ ਖੇਤਰ ਵਿਚ ਕਾਫੀ ਨਿਵੇਸ਼ ਕਰਨ ਦੁਆਰਾ ਬੇਘਰੇ ਹੋਣ ਦੇ ਚੱਕਰ ਨੂੰ ਤੋੜਨ ਲਈ ਕਾਰਵਾਈ ਕਰਨਾ (ਵਿਕਟੋਰੀਆ ਅਤੇ ਆਸਟ੍ਰੇਲੀਆ ਦੀ ਸਰਕਾਰ)।
- **ਵਚਨਬੱਧਤਾ 4:** National Rental Affordability Scheme (ਨੈਸ਼ਨਲ ਰੈਂਟਲ ਅਫੈਰਡਿਬਿਲਿਟੀ ਸਕੀਮ) ਨੂੰ ਦੁਬਾਰਾ ਚਾਲੂ ਕਰਨਾ ਚਾਹੀਦਾ ਹੈ (ਆਸਟ੍ਰੇਲੀਆ ਦੀ ਸਰਕਾਰ)।

ਗਤੀਸ਼ੀਲਤਾ ਸਹਾਇਕ ਅਤੇ ਉਪਕਰਨ

30. DCC ਨੇ ਅਪੰਗਤਾ ਉਪਕਰਨ ਵਿੱਚ ਮਾਹਰ ਗੈਰ-ਸਰਕਾਰੀ ਸੰਸਥਾ (NGO) ਨਾਲ ਭਾਈਵਾਲੀ ਵਿੱਚ Mobility Equipment Loans Scheme (ਮੋਬਿਲਿਟੀ ਇਕਵਿਪਮੈਂਟ ਲੋਨ ਸਕੀਮ) (ਖਿਡੌਣਾ ਲਾਇਬ੍ਰੇਰੀ ਦੀ ਤਰ੍ਹਾਂ) ਸਥਾਪਿਤ ਕੀਤੀ ਹੈ।

31. DCC, Men's Shed (ਮੈਨ'ਜ਼ ਸ਼ੈਡ) ਨਾਲ ਬਜ਼ੁਰਗਾਂ ਨੂੰ ਸ਼ਾਮਲ ਕਰਕੇ ਸਥਾਪਿਤ ਵਲੰਟੀਅਰ ਪ੍ਰੋਗਰਾਮ ਦੀ ਵਰਤੋਂ ਕਰਕੇ ਦਾਨ ਕੀਤੇ ਅਤੇ ਵਾਪਸ ਕੀਤੇ ਗਤੀਸ਼ੀਲਤਾ ਉਪਕਰਨ ਨੂੰ ਪੁਨਰ ਸਥਾਪਿਤ ਕਰਨ ਦੀ ਸਾਰਥਕਤਾ ਦਾ ਮੁਆਇਨਾ ਕਰਦਾ ਹੈ।

ਘਰ ਵਿੱਚ ਸੁਧਾਰ

32. DCC, Men's Shed (ਮੈਨ'ਜ਼ ਸ਼ੈਡ) ਅਤੇ/ਜਾਂ TAFE ਨਾਲ ਜੁੜੀ ਅਤੇ ਕਮਿਉਨਿਟੀ ਬਿਜ਼ਨਸ ਪਾਰਟਨਰਸ਼ਿਪ ਵਿੱਚ ਸਥਾਨਕ ਕਾਰੋਬਾਰਾਂ ਦੁਆਰਾ ਸਮਰਥਿਤ ਇੱਕ ਸਟਾਰਟ-ਅੱਪ ਘਰ ਸੁਧਾਰ ਸਮਾਜਿਕ ਸੰਸਥਾ ਦੀ ਸਹੂਲੀਅਤ ਲਈ ਮੌਕੇ ਦਾ ਮੁਆਇਨਾ ਕਰਦਾ ਹੈ।

ਗੰਦਗੀ ਅਤੇ ਜਮ੍ਹਾਂ ਕਰਨ ਦੀਆਂ ਸੇਵਾਵਾਂ

33. DCC ਗੰਦਗੀ ਵਿੱਚ ਰਹਿ ਰਹੇ ਲੋਕਾਂ ਲਈ ਸੇਵਾਵਾਂ ਦੀਆਂ ਹੱਦਾਂ ਤੇ ਵਿਚਾਰ ਕਰਦਾ ਹੈ, ਖਾਸ ਕਰਕੇ ਉਨ੍ਹਾਂ ਬਜ਼ੁਰਗਾਂ ਨੂੰ ਧਿਆਨ ਵਿੱਚ ਰੱਖਦਾ ਹੈ ਜੋ ਕਿਰਾਏ ਅਤੇ ਬੋਰਡਿੰਗ ਅਤੇ ਕਮਰੇ ਵਾਲੇ ਘਰਾਂ ਵਿੱਚ ਰਹਿੰਦੇ ਹਨ, ਅਤੇ ਨਾਲ ਹੀ ਘਰ ਦੇ ਮਾਲਕਾਂ ਨੂੰ ਵੀ, ਅਤੇ ਮੌਜੂਦਾ ਪ੍ਰਦਾਤਾਵਾਂ ਦੇ ਨਾਲ ਉਚਿਤ ਜਵਾਬ ਵਿਕਸਿਤ ਕਰਦਾ ਹੈ।

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ...

ਠੰਡ ਅਤੇ ਗਰਮੀ

34. DCC ਗਰਮੀ ਦੀ ਲਹਿਰ ਦੌਰਾਨ CHSP ਗਾਹਕਾਂ ਦੇ ਇਸ ਦੇ ਨਿਰੀਖਣ ਨੂੰ ਵਧਾਉਂਦੀ ਹੈ ਅਤੇ ਬਹੁਤ ਠੰਡੇ ਦਿਨਾਂ ਦੇ ਖਤਰੇ ਵਾਲੇ ਲੋਕਾਂ ਦੀ ਨਿਗਰਾਨੀ ਕਰਕੇ, ਵਿਸ਼ੇਸ਼ ਤੌਰ ਤੇ ਬੇਘਰੇ ਬੁੱਢੇ ਲੋਕਾਂ ਤੇ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ।

ਘਰ ਵਿਚ ਅਪਰਾਧ ਤੋਂ ਸੁਰੱਖਿਅਤ

35. DCC ਆਮ ਘਰਾਂ ਵਿਖੇ ਜੋਖਿਮਾਂ ਬਾਰੇ ਬਜ਼ੁਰਗਾਂ ਦੀ ਜਾਗਰੂਕਤਾ ਨੂੰ ਬਿਹਤਰ ਬਣਾਉਣ ਲਈ ਸਥਾਨਕ ਪੁਲਿਸ ਨਾਲ ਸਹਿਯੋਗ ਕਰਨ ਲਈ ਇਕ ਪ੍ਰੋਗਰਾਮ ਨੂੰ ਰਸਮੀ ਰੂਪ ਵਿਚ ਲਾਗੂ ਕਰਦਾ ਹੈ।

36. DCC ਬਜ਼ੁਰਗ ਲੋਕਾਂ ਤੇ ਵਿਸ਼ੇਸ਼ ਧਿਆਨ ਦਿੰਦੇ ਹੋਏ Neighbourhood Watch (ਨੇਬਰਹੁੱਡ ਵਾਚ) ਨੂੰ ਮੁੜ ਪੁਖਤਾ ਕਰਨ ਲਈ ਵਿਕਟੋਰੀਆ ਪੁਲਿਸ ਨਾਲ ਭਾਈਵਾਲੀ ਕਰਦੀ ਹੈ।

ਘਰੇਲੂ ਸਾਂਝੀਵਾਲਤਾ

37. DCC, Darebin Home Share (ਡੇਰਬਿਨ ਹੋਮ ਸ਼ੇਅਰ) ਦੇ ਸਥਾਪਨ ਅਤੇ ਸਥਾਪਤ ਹੋਮ ਸ਼ੇਅਰ ਸਿਸਟਮ ਅਤੇ ਪ੍ਰਕਿਰਿਆਵਾਂ ਦੇ ਨਾਲ NGO ਨਾਲ ਭਾਈਵਾਲੀ ਵਿੱਚ ਸਹਿ-ਰਿਹਾਇਸ਼ੀ ਪ੍ਰੋਗਰਾਮ ਨੂੰ ਆਸਾਨ ਬਣਾਉਂਦੀ ਹੈ।

38. DCC ਬਜ਼ੁਰਗ ਲੋਕਾਂ ਲਈ Home Share (ਹੋਮ ਸ਼ੇਅਰ) ਅਤੇ ਸਹਿ-ਹਾਊਸਿੰਗ ਨੂੰ ਸਮਾਜਿਕ ਸਮਾਵੇਸ਼ ਕਰਮੀਆਂ ਅਤੇ ਭਾਈਚਾਰਕ ਸੰਸਥਾਵਾਂ ਰਾਹੀਂ ਮੰਡੀਕਰਨ ਅਤੇ ਪ੍ਰਚਾਰ ਕਰਦੀ ਹੈ।

Home Phone Engagement Scheme (ਘਰੇਲੂ ਫੋਨ ਰਾਹੀਂ ਰਾਬਤਾ ਸਕੀਮ)

39. DCC ਇੱਕ NGO ਭਾਈਵਾਲ ਨਾਲ ਅਲੱਗ-ਥਲੱਗ ਅਤੇ/ਜਾਂ ਘਰ ਤੋਂ ਬਾਹਰ ਨਿਕਲਣ ਵਿੱਚ ਅਸਮਰਥ ਨਿਵਾਸੀਆਂ ਲਈ ਫੋਨ ਤੇ ਸਮਾਜਿਕ ਰਾਬਤੇ ਲਈ Home Phone Engagement Scheme (ਘਰੇਲੂ ਫੋਨ ਰਾਹੀਂ ਰਾਬਤਾ ਸਕੀਮ) ਨੂੰ ਸਥਾਪਿਤ ਕਰਨ ਦੀ ਪੜਚੋਲ ਕਰਦੀ ਹੈ।

ਉਮਰ ਦੇ ਅਨੁਕੂਲ ਬਾਹਰਲੇ ਖੇਤਰ

ਤੁਰਨ ਅਤੇ ਪਹੀਆਂ ਤੇ ਚੱਲਣ ਲਈ ਸਥਾਨਕ ਨੈਟਵਰਕ

40. DCC ਨੇ ਬਜ਼ੁਰਗਾਂ ਦੇ ਗਰੁੱਪਾਂ ਦੀ ਮਦਦ ਲਈ ਤੁਰਨ (ਅਤੇ ਪਹੀਆਂ ਤੇ ਚੱਲਣ) ਦਾ ਗਰੁੱਪ ਪ੍ਰੋਗਰਾਮ ਬਣਾਇਆ ਹੈ, ਜਨਤਕ ਰਿਹਾਇਸ਼, ਬੋਰਡਿੰਗ ਅਤੇ ਕਮਰੇ ਦੇ ਘਰਾਂ ਵਿਚਲੇ ਬਜ਼ੁਰਗਾਂ ਸਮੇਤ ਅਤੇ ਨਾਲ ਹੀ ਉਨ੍ਹਾਂ ਲਈ ਜੋ ਤੁਰਨ ਵਾਲੇ ਫ੍ਰੇਮਾਂ ਅਤੇ ਪਹੀਆਂ ਵਾਲੀਆਂ ਕੁਰਸੀਆਂ ਦੀ ਵਰਤੋਂ ਕਰਦੇ ਹਨ।

ਬਜ਼ੁਰਗ ਲੋਕਾਂ ਦੀ **Open Space Audit Advisory Team** (ਓਪਨ ਸਪੇਸ ਆਡਿਟ ਅਡਵਾਈਜ਼ਰੀ ਟੀਮ)

41. DCC ਨੇ ਬਜ਼ੁਰਗ ਵਲੰਟੀਅਰਾਂ ਦੇ ਨਾਲ ਬਜ਼ੁਰਗ ਲੋਕਾਂ ਦੀ **Open Space Audit Advisory Team (ਓਪਨ ਸਪੇਸ ਆਡਿਟ ਅਡਵਾਈਜ਼ਰੀ ਟੀਮ)** ਬਣਾਈ ਹੈ ਜੋ ਫੁੱਟਪਾਥਾਂ, ਬਹਿਣ ਦੀਆਂ ਥਾਵਾਂ, ਪਖਾਨੇ, ਬੱਸ ਅਤੇ ਟ੍ਰੈਮ ਅੱਡਿਆਂ ਅਤੇ ਰੌਸ਼ਨੀ ਤੇ ਧਿਆਨ ਦੇਣ ਲਈ DCC ਸਟਾਫ ਦੇ ਨਾਲ ਨਿਯਮਿਤ ਆਡਿਟ ਵਿੱਚ ਭਾਗ ਲੈਣ ਦੇ ਇੱਛਕ ਹੋਣਗੇ।

ਤੁਰਨ ਦੀ ਪਰਿਭਾਸ਼ਾ ਵਿੱਚ ਬਜ਼ੁਰਗ ਸ਼ਾਮਲ ਹਨ

42. DCC ਨੇ ਤੁਰਨ ਵਾਲੇ ਫ੍ਰੇਮਾਂ ਨਾਲ, ਪਹੀਆਂ ਵਾਲੀ ਕੁਰਸੀ ਵਿੱਚ ਜਾਂ ਗਤੀਸ਼ੀਲਤਾ ਸਕੂਟਰ ਤੇ 'ਤੁਰਨ' ਨੂੰ ਆਮ ਬਣਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਜੋ ਲੋਕ ਗਤੀਸ਼ੀਲਤਾ ਸਾਧਨ ਵਰਤਦੇ ਹਨ ਉਹ ਸੈਰ ਕਰਨ ਦੀਆਂ ਕਾਰਜਨੀਤੀਆਂ ਵਿਚ ਸ਼ਾਮਲ ਹਨ, ਆਪਣੀਆਂ ਸਾਰੀਆਂ ਤੁਰਨ ਦੀਆਂ ਨੀਤੀਆਂ, ਕਾਰਜਨੀਤੀਆਂ ਅਤੇ ਪ੍ਰੋਜੈਕਟਾਂ ਵਿੱਚ 'ਪਹੀਆਂ ਤੇ ਚੱਲਣਾ' ਸ਼ਬਦ ਅਤੇ ਅਪੰਗਤਾ ਚਿੰਨ੍ਹ ਨੂੰ ਜੋੜਿਆ ਹੈ।

ਫੁੱਟਪਾਥ ਅਤੇ ਸੜਕ ਦੇ ਕਿਨਾਰੇ (ਕਰਬ)

43. DCC ਨੇ Principal Pedestrian Network (ਪ੍ਰਿੰਸੀਪਲ ਪੇਡੇਸਟ੍ਰੀਅਨ ਨੈਟਵਰਕ) (PPN) ਵਿੱਚ ਇੱਕ ਵਾਧੂ ਫੁੱਟਪਾਥ ਸ਼੍ਰੇਣੀ ਸ਼ੁਰੂ ਕੀਤੀ ਹੈ ਜੋ ਬਜ਼ੁਰਗਾਂ ਲਈ ਪਹੁੰਚ ਵੱਲ ਤਵੱਜੋ ਦਿੰਦੀ ਹੈ। ਇਹ ਵਾਧੂ ਸ਼੍ਰੇਣੀ:

a. ਬਜ਼ੁਰਗਾਂ ਦੇ ਘਰਾਂ ਦੀ ਸਥਿਤੀ ਅਤੇ ਪਹੁੰਚ ਦੀ ਗਤੀਵਿਧੀ ਅਤੇ ਮਨੋਰੰਜਨ ਕੇਂਦਰਾਂ, ਸਿਹਤ ਅਤੇ ਭਾਈਚਾਰਕ ਸੇਵਾਵਾਂ, ਪਾਰਕਾਂ, ਕਲੱਬਾਂ, ਜਨਤਕ ਆਵਾਜਾਈ ਅਤੇ ਖਰੀਦਦਾਰੀ ਸਮੇਤ ਉਨ੍ਹਾਂ ਦੀਆਂ ਰੋਜ਼ਾਨਾ ਲੋੜਾਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ;
b. ਮੌਜੂਦਾ 'ਹੋਰ' ਸ਼੍ਰੇਣੀ (ਜਿਵੇਂ ਕਿ 12 ਮਹੀਨਿਆਂ) ਨਾਲੋਂ ਜਾਂਚ ਦੀ ਜ਼ਿਆਦਾ ਵਾਰ ਵਾਰ ਹੋਣੀ ਚਾਹੀਦੀ ਹੈ;
c. ਨਵੀਨੀਕਰਨ ਦੀ ਤਰਜੀਹ ਨੂੰ ਹੱਲ ਕਰਨ ਲਈ ਨਿਯਤ ਫੰਡਾਂ ਨੂੰ ਨਿਰਧਾਰਤ ਕਰਨ ਲਈ ਇਕ ਵਿਧੀ ਪ੍ਰਦਾਨ ਕਰਦਾ ਹੋਣਾ ਚਾਹੀਦਾ ਹੈ (ਜਿਵੇਂ ਫੁੱਟਪਾਥ ਨਵੀਨੀਕਰਨ ਬਜਟ ਤੋਂ ਇਲਾਵਾ); ਅਤੇ
d. ਸੜਕ ਦੇ ਕਿਨਾਰਿਆਂ (ਕਰਬ) ਅਤੇ ਨਾਲੀਆਂ ਦੁਆਲੇ ਉਚਿਤ ਢਾਲ ਬਣਾਉਣ ਲਈ ਨਵਿਆਉਣ ਦੀ ਤਰਜੀਹ ਦੇਣ ਲਈ ਫੁੱਟਪਾਥਾਂ ਅਤੇ ਸੜਕਾਂ ਦੀ ਪਛਾਣ ਕਰਨੀ ਚਾਹੀਦਾ ਹੈ (ਜਿਵੇਂ ਕਿ ਬੱਚੇ ਦੀ ਗੱਡੀ ਨੂੰ ਲੰਘਾਉਣ ਦੇ ਰਸਤੇ)।

ਜਨਤਕ ਪਖਾਨੇ

44. DCC ਯਕੀਨੀ ਬਣਾਉਂਦਾ ਹੈ ਕਿ ਨਵੀਂਆਂ ਪਖਾਨੇ ਦੀਆਂ ਸੁਵਿਧਾਵਾਂ ਦੀ ਸਥਿਤੀ (ਜੋ ਵ੍ਹੀਲਚੇਅਰ ਵਿਚਲੇ ਲੋਕਾਂ ਲਈ ਪੂਰੀ ਤਰ੍ਹਾਂ ਪਹੁੰਚਯੋਗ ਹੋਣੇ ਚਾਹੀਦੇ ਹਨ) ਨੂੰ ਬਜ਼ੁਰਗਾਂ ਦੇ ਘਰਾਂ ਦੀ ਸਥਿਤੀ ਅਤੇ ਉਹਨਾਂ ਦੀਆਂ ਰੋਜ਼ਾਨਾ ਲੋੜਾਂ ਜਿਵੇਂ ਸਰਗਰਮੀ ਤੱਕ ਪਹੁੰਚ ਅਤੇ ਮਨੋਰੰਜਨ ਕੇਂਦਰਾਂ, ਸਿਹਤ ਅਤੇ ਭਾਈਚਾਰਕ ਸੇਵਾਵਾਂ, ਪਾਰਕਾਂ, ਕਲੱਬਾਂ, ਜਨਤਕ ਆਵਾਜਾਈ ਅਤੇ ਖਰੀਦਦਾਰੀ ਦੁਆਰਾ ਸੂਚਿਤ ਕੀਤਾ ਜਾਂਦਾ ਹੈ। ਖਾਸ ਕਰਕੇ, ਉੱਪਰ ਦੱਸੇ ਗਏ PPN ਦੀ ਪ੍ਰਸਤਾਵਿਤ ਨਵੀਂ ਬਜ਼ੁਰਗਾਂ ਦੀ ਸ਼੍ਰੇਣੀ ਨਾਲ ਨਵੇਂ ਪਖਾਨੇ ਦੀ ਸਥਿਤੀ ਨੂੰ ਜੋੜਿਆ ਜਾਣਾ ਚਾਹੀਦਾ ਹੈ।

45. DCC ਯਕੀਨੀ ਬਣਾਉਂਦਾ ਹੈ ਕਿ ਪਹੁੰਚਯੋਗ ਪਖਾਨਿਆਂ ਸਮੇਤ ਜਨਤਕ ਪਖਾਨੇ ਵਰਤੋਂ ਲਈ ਘੱਟ ਤੋਂ ਘੱਟ ਦਿਨ ਦੇ ਸਮੇਂ ਦੌਰਾਨ ਵਰਤੋਂ ਲਈ ਖੁੱਲ੍ਹੇ ਹੋਣ।

ਪੈਦਲ ਚੱਲਣ ਵਾਲਿਆਂ ਲਈ ਲੰਘਣ ਦੇ ਰਸਤੇ

46. DCC ਯਕੀਨੀ ਬਣਾਉਂਦਾ ਹੈ ਕਿ ਪੈਦਲ ਚੱਲਣ ਵਾਲਿਆਂ ਲਈ ਲੰਘਣ ਦੇ ਰਸਤੇ ਸਹੀ ਢੰਗ ਨਾਲ ਦਰਸਾਏ, ਸਪੱਸ਼ਟ ਤੌਰ ਤੇ ਚਿੰਨ੍ਹ ਲੱਗੇ ਹੋਏ, ਬਹੁਤ ਜ਼ਿਆਦਾ ਅਤੇ ਚੰਗੀ ਤਰ੍ਹਾਂ ਨਾਲ ਬਜ਼ੁਰਗਾਂ ਨੂੰ ਸੜਕ ਪਾਰ ਕਰਨ ਦੇ ਖਤਰੇ ਨੂੰ ਰੋਕਣ, ਖਾਸ ਤੌਰ 'ਤੇ Darebin ਦੇ ਜ਼ਿਆਦਾ ਕਮਜ਼ੋਰ ਇਲਾਕਿਆਂ ਵਿੱਚ।

47. DCC ਇਹ ਯਕੀਨੀ ਬਣਾਉਂਦਾ ਹੈ ਕਿ ਆਵਾਜਾਈ ਦੀਆਂ ਲਾਈਟਾਂ ਨੂੰ ਜ਼ਿਆਦਾ ਆਵਾਜਾਈ ਦੇ ਖੇਤਰਾਂ ਵਿੱਚ ਲਗਾਇਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਹੌਲੀ ਕਰਨ ਲਈ ਵਿਧੀ ਹੋਵੇ ਤਾਂ ਜੋ ਬਜ਼ੁਰਗ ਲੋਕ ਸੁਰੱਖਿਅਤ ਢੰਗ ਨਾਲ ਸੜਕ ਪਾਰ ਕਰ ਸਕਣ।

48. DCC ਇਹ ਯਕੀਨੀ ਬਣਾਉਂਦਾ ਹੈ ਕਿ ਇੱਕ ਸੁਰੱਖਿਅਤ ਤੁਰਨ ਦੇ ਨੈਟਵਰਕ ਲਈ ਤਿਆਰ ਕਰਨ ਲਈ ਪੈਦਲ ਚੱਲਣ ਵਾਲੇ ਲੰਘਣ ਦੇ ਰਸਤਿਆਂ ਨੂੰ PPN ਦੀ ਨਵੀਂ ਬਜ਼ੁਰਗਾਂ ਦੀ ਸ਼੍ਰੇਣੀ ਦੇ ਅਨੁਸਾਰ ਬਣਾਇਆ ਜਾਵੇ।

ਪਾਣੀ ਦੇ ਫੁਹਾਰੇ

49. DCC ਇਹ ਯਕੀਨੀ ਬਣਾਉਂਦਾ ਹੈ ਕਿ ਪਾਣੀ ਦੇ ਫੁਹਾਰੇ ਸਾਰੀਆਂ ਖੁਲ੍ਹੀਆਂ ਥਾਵਾਂ ਅਤੇ ਤੁਰਨ ਦੇ ਰਸਤਿਆਂ ਦੇ ਨਾਲ-ਨਾਲ ਉਪਲਬਧ ਹੋਣ ਅਤੇ ਵਰਤੋਂ ਵਿੱਚ ਆਸਾਨ ਹੋਣ।

ਸੜਕ ਅਤੇ ਖੁਲ੍ਹੀ ਜਗ੍ਹਾ ਤੇ ਬਹਿਣ ਦੀਆਂ ਥਾਵਾਂ

50. DCC ਇਹ ਯਕੀਨੀ ਬਣਾਉਂਦਾ ਹੈ ਕਿ ਸੜਕ ਤੇ ਸੀਟਾਂ ਗਿਣਤੀ ਵਿੱਚ ਕਾਫੀ ਹੋਣ ਅਤੇ ਬਜ਼ੁਰਗਾਂ ਲਈ ਤੁਰਨ ਦੇ ਰਸਤਿਆਂ ਤੇ ਚੰਗੀ ਸਥਿਤੀ ਵਿੱਚ ਹੋਣ ਕਿ ਉਨ੍ਹਾਂ ਨੂੰ ਬੈਠਣ ਦੇ ਯੋਗ ਹੋਣ ਤੋਂ ਪਹਿਲਾਂ 0.5 km ਤੋਂ ਜ਼ਿਆਦਾ ਤੁਰਨਾ ਨਾ ਪਵੇ।

51. DCC ਇਹ ਯਕੀਨੀ ਬਣਾਉਂਦਾ ਹੈ ਕਿ ਪਾਰਕਾਂ ਅਤੇ ਬਾਗਾਂ ਅਤੇ ਹੋਰ ਮਨੋਰੰਜਨ ਦੀਆਂ ਜਗ੍ਹਾਵਾਂ ਵਿੱਚ, ਸੀਟਾਂ ਕਾਫੀ ਹੋਣ ਅਤੇ ਗੱਲਬਾਤ ਅਤੇ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਗਰੁੱਪਾਂ ਵਿੱਚ ਹੋਣ।

52. ਬੈਂਚਾਂ ਦੀ ਬਜਾਏ ਬਹਿਣ ਵਾਲੀਆਂ ਸੀਟਾਂ ਦੀ ਪਿੱਠ ਬਣੀ ਹੋਵੇ।

ਗਲੀਆਂ ਵਿੱਚ ਰੌਸ਼ਨੀ

53. DCC ਨੇ Older Person Open Space Audit Advisory Team (ਓਲਡਰ ਪਰਸਨ ਓਪਨ ਸਪੇਸ ਆਡਿਟ ਅਡਵਾਈਜ਼ਰੀ ਟੀਮ) ਕੋਲ ਗਲੀਆਂ ਵਿੱਚ ਰੌਸ਼ਨੀ ਦਾ ਹਵਾਲਾ ਦਿੱਤਾ ਹੈ, ਖਾਸ ਕਰਕੇ ਡਿੱਗਣ ਅਤੇ ਵਿਅਕਤੀਗਤ ਸੱਟ ਦੇ ਖਤਰੇ ਦੇ ਸਬੰਧ ਵਿੱਚ।

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ...

ਬਾਹਰਲੇ ਪਲਾਜ਼ਾ, ਪਾਰਕ, ਬਾਗ ਅਤੇ ਕੁਦਰਤੀ ਬਗੀਚੇ

54. Darebin ਦੀ ਖੁਲ੍ਹੀ ਜਗ੍ਹਾ ਦੀ ਕਾਰਜਨੀਤੀ ਦਾ ਇੱਕ ਵਿਸ਼ੇਸ਼ ਹਿੱਸਾ ਬਜ਼ੁਰਗਾਂ ਦੀ ਜ਼ਿਆਦਾ ਵਰਤੋਂ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਹੈ। ਇਸ ਕਾਰਜਨੀਤੀ ਦੇ ਵਿਕਾਸ ਵਿੱਚ ਬਜ਼ੁਰਗਾਂ ਨੂੰ ਮੁੱਖ ਸਲਾਹਕਾਰਾਂ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

55. DCC ਨੇ ਬਜ਼ੁਰਗਾਂ ਲਈ ਉਦੇਸ਼ਿਤ ਇਸ ਟੀਚਤ ਕਾਰਜਨੀਤੀ ਦੇ ਹਿੱਸੇ ਵਜੋਂ ਬਜ਼ੁਰਗਾਂ ਲਈ ਸਥਾਈ ਖੇਡਾਂ ਅਤੇ ਕਸਰਤ ਦੇ ਉਪਕਰਨਾਂ ਦੀ ਸੰਭਾਵਨਾ ਦਾ ਪਤਾ ਲਗਾਇਆ ਹੈ।

56. ਖੁਲ੍ਹੀ ਜਗ੍ਹਾ ਦੀ ਯੋਜਨਾ ਨੂੰ ਬਜ਼ੁਰਗਾਂ ਦੇ ਘਰਾਂ ਦੀ ਸਥਿਤੀ ਅਤੇ ਉਹਨਾਂ ਦੀਆਂ ਰੋਜ਼ਾਨਾ ਲੋੜਾਂ ਜਿਵੇਂ ਸਰਗਰਮੀ ਤੱਕ ਪਹੁੰਚ ਅਤੇ ਮਨੋਰੰਜਨ ਕੇਂਦਰਾਂ, ਸਿਹਤ ਅਤੇ ਭਾਈਚਾਰਕ ਸੇਵਾਵਾਂ, ਪਾਰਕਾਂ, ਕਲੱਬਾਂ, ਜਨਤਕ ਆਵਾਜਾਈ ਅਤੇ ਖਰੀਦਦਾਰੀ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

ਬਾਗਾਂ ਵਿੱਚ ਕੁੱਤੇ

57. DCC ਨੇ ਖੁਲ੍ਹੀਆਂ ਜਗ੍ਹਾਵਾਂ ਵਿੱਚ ਕੁੱਤਿਆਂ ਨਾਲ ਸਬੰਧਿਤ ਨਿਯਮਾਂ ਬਾਰੇ ਕਿਸੇ ਵੀ ਭਵਿੱਖਕ ਸਮੀਖਿਆਵਾਂ ਵਿੱਚ ਬਜ਼ੁਰਗਾਂ ਨੂੰ ਹੋਣ ਵਾਲੇ ਖਤਰਿਆਂ ਅਤੇ ਫਾਇਦਿਆਂ ਨੂੰ ਧਿਆਨ ਵਿੱਚ ਰੱਖਿਆ ਹੈ।

ਪਹੁੰਚਯੋਗ ਭਾਈਚਾਰਕ ਸਹੂਲਤਾਂ

58. DCC ਦੀ ਅਗਲੀ ਬੁਨਿਆਦੀ ਢਾਂਚੇ ਦੀ ਆਡਿਟ:

- ਸਾਰੀਆਂ ਕੌਂਸਿਲ ਦੀਆਂ ਸਹੂਲਤਾਂ ਦਾ ਇੱਕ ਵਿਆਪਕ ਪਹੁੰਚ ਆਡਿਟ ਕਰਵਾਉਂਦਾ ਹੈ;
- ਉਪਰੋਕਤ ਪਛਾਣੇ ਗਏ ਪਹੁੰਚ ਮੁੱਦਿਆਂ ਨੂੰ ਹੱਲ ਕਰਨ ਲਈ ਤਰਜੀਹ ਸੂਚੀ ਵਿਕਸਿਤ ਕਰਦਾ ਹੈ;
- ਸਲਾਨਾ ਛੋਟੇ ਕੰਮਾਂ ਲਈ ਢੁਕਵੇਂ ਆਵਰਤੀ ਫੰਡਾਂ ਨੂੰ ਨਿਰਧਾਰਤ ਕਰਦਾ ਹੈ ਜੋ $50,000 ਤੋਂ ਘੱਟ ਨਹੀਂ ਹੋਣੇ ਚਾਹੀਦੇ; ਅਤੇ
- ਇਹ ਯਕੀਨੀ ਬਣਾਉਣ ਲਈ ਇੱਕ ਉਚਿਤ ਅਤੇ ਸੰਭਾਵਿਤ ਸਮਾਂ-ਸੀਮਾ ਤੇ ਵਿਚਾਰ ਕਰਦਾ ਹੈ ਕਿ ਸਾਰੀਆਂ DCC ਦੀਆਂ ਸਹੂਲਤਾਂ ਬਜ਼ੁਰਗਾਂ ਦੀ ਮੌਜੂਦਾ ਪੀੜ੍ਹੀ ਲਈ ਪਹੁੰਚਯੋਗ ਹੋਣ।

ਜਨਤਕ ਆਵਾਜਾਈ

59. DCC ਨੇ ਹੋਰ ਕੌਂਸਿਲਾਂ ਦੇ ਨਾਲ ਮਿਲਕੇ ਸਮਰਥਨ ਦਾ ਇੱਕ ਰਣਨੀਤਕ ਭਾਗ ਬਣਾਇਆ ਹੈ, ਜੋ ਬਜ਼ੁਰਗ ਲੋਕਾਂ ਦੀ ਵਰਤਮਾਨ ਪੀੜ੍ਹੀ ਤਕ ਜਨਤਕ ਆਵਾਜਾਈ ਦੇ ਪੂਰੀ ਤਰ੍ਹਾਂ ਪਹੁੰਚਯੋਗ ਹੋਣ ਦੀਆਂ ਰਾਜ ਸਰਕਾਰ ਦੀਆਂ ਅਵਾਸਤਵਿਕ ਸਮਾਂ-ਸੀਮਾਵਾਂ ਨੂੰ ਨਿਸ਼ਾਨਾ ਬਣਾਉਂਦਾ ਹੈ।

60. DCC ਬਜ਼ੁਰਗਾਂ ਲਈ ਜਨਤਕ ਆਵਾਜਾਈ ਨਾਲ ਜਾਣ ਪਛਾਣ ਕਰਨ ਦੀ ਸਿਖਲਾਈ ਦੇ ਮੌਕੇ ਪ੍ਰਦਾਨ ਕਰਦਾ ਹੈ।

ਬੱਸ ਅਤੇ ਟਰੈਮ ਅੱਡਿਆਂ ਉਪਰ ਸ਼ੈਲਟਰ

61. DCC ਬੱਸ ਅਤੇ ਟ੍ਰੈਮ ਸ਼ੈਲਟਰਾਂ ਦੀ ਉਚਿਤ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਅਮਲ ਯੋਜਨਾ ਨੂੰ ਵਿਕਸਿਤ ਕਰਨ ਲਈ ਰਾਜ ਸਰਕਾਰ ਨਾਲ ਸਲਾਹ ਕਰਦਾ ਹੈ।

62. DCC ਇਹ ਯਕੀਨੀ ਬਣਾਉਂਦਾ ਹੈ ਕਿ ਬਜ਼ੁਰਗਾਂ ਲਈ ਬੱਸ ਅਤੇ ਟ੍ਰੈਮ ਅੱਡਿਆਂ ਉਤੇ ਬੈਠਣ ਦੀ ਵਿਵਸਥਾ ਸਹਿਜ, ਸੁਰੱਖਿਅਤ ਅਤੇ ਪਹੁੰਚਯੋਗ ਤੁਰਨ ਦੇ ਨੈਟਵਰਕ ਨਾਲ ਸਬੰਧਿਤ ਸਿਫਾਰਿਸ਼ਾਂ ਅਨੁਸਾਰ ਹੋਵੇ।

ਕਾਰਾਂ

63. DCC ਖਤਰਿਆਂ ਨੂੰ ਘਟਾਉਣ ਦੇ ਤਰੀਕੇ ਵਜੋਂ ਡਰਾਈਵਿੰਗ ਸਿਖਿਅਕਾਂ ਦੇ ਨਾਲ ਰਲ ਕੇ ਬਜ਼ੁਰਗਾਂ ਲਈ ਨਿਯਮਿਤ 'driving brush up' ਕੋਰਸ ਪ੍ਰਦਾਨ ਕਰਦਾ ਹੈ।

ਕਾਰ ਪਾਰਕਿੰਗ (ਖੜ੍ਹੀ ਕਰਨ ਦੀ ਥਾਂ)

64. DCC ਸੀਨੀਅਰ ਸਿਟੀਜ਼ਨ ਕੇਂਦਰਾਂ ਦੇ ਕੋਲ ਗੈਰ-ਵਿਵਸਥਿਤ ਪਾਰਕਿੰਗ ਦੀ ਗਿਣਤੀ ਵਧਾਉਂਦੀ ਹੈ, ਪਾਰਕਿੰਗ ਲਈ ਬਜ਼ੁਰਗਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੋਰ ਜ਼ਿਆਦਾ ਨਵੀਆਂ ਪੱਧਤੀਆਂ ਤੇ ਵਿਚਾਰ ਕਰਕੇ, ਉਦਾਹਰਣ ਲਈ:

- ਉਨ੍ਹਾਂ ਸੇਵਾਵਾਂ ਦੇ ਸਾਮ੍ਹਣੇ ਬਜ਼ੁਰਗਾਂ ਲਈ ਉਤਾਰਣ/ਚੜ੍ਹਾਉਣ ਦੇ ਪਾਰਕਿੰਗ ਜ਼ੋਨ ਬਣਾ ਕੇ ਜਿਨ੍ਹਾਂ ਨੂੰ ਬਜ਼ੁਰਗ ਜ਼ਿਆਦਾ ਵਰਤਦੇ ਹਨ; ਉਦਾਹਰਣ ਲਈ, ਸਿਹਤ ਸੇਵਾਵਾਂ, ਖਰੀਦ ਕੇਂਦਰ, ਬਜ਼ੁਰਗਾਂ ਦੀ ਕਲੱਬ, ਖੇਡ ਅਤੇ ਭਾਈਚਾਰਕ ਸਮੂਹ;
- ਨਿਯਤ ਸਮਿਆਂ ਤੇ ਬਜ਼ੁਰਗਾਂ ਲਈ ਪਾਰਕਿੰਗ ਨਿਯਤ ਕਰਨਾ:
  - ਬਜ਼ੁਰਗਾਂ ਲਈ ਨਿਯਤ ਪਾਰਕਿੰਗ ਪਛਾਣੇ ਗਏ ਸਮਿਆਂ ਦੇ ਆਧਾਰ ਤੇ ਹੋ ਸਕਦੀ ਹੈ ਜੋ ਬਜ਼ੁਰਗ ਲੋਕਾਂ ਨੂੰ ਦੂਜੇ ਨਿਵਾਸੀਆਂ ਲਈ ਘੱਟ ਵਰਤੋਂ ਦੇ ਸਮੇਂ ਦੇ ਨਾਲ ਪਾਰਕਿੰਗ ਦੀ ਜ਼ਰੂਰਤ ਹੁੰਦੀ ਹੈ;
  - ਇਸ ਨੂੰ DCC ਦੀਆਂ ਆਰਥਿਕ ਵਿਕਾਸ ਗਤੀਵਿਧੀਆਂ ਦਾ ਸਮਰਥਨ ਕਰਨ ਲਈ ਵਰਤਿਆ ਜਾ ਸਕਦਾ ਹੈ: ਆਮ ਵਪਾਰਕ ਗਤੀਵਿਧੀਆਂ ਲਈ ਬਜ਼ੁਰਗਾਂ ਨੂੰ 'ਘੱਟ ਭੀੜ ਵਾਲੇ ਸਮੇਂ' ਵਿੱਚ ਆਰਥਿਕ/ਸਮਾਜਿਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ;
  - ਇਸ ਨੂੰ ਉਨ੍ਹਾਂ ਪ੍ਰੋਗਰਾਮਾਂ ਦੇ ਨਾਲ ਵਰਤਿਆ ਜਾ ਸਕਦਾ ਹੈ ਜੋ ਕਾਰੋਬਾਰਾਂ ਨੂੰ ਇਨ੍ਹਾਂ ਨਿਯਤ ਸਮਿਆਂ ਤੇ 'ਸੀਨੀਅਰ ਛੋਟਾਂ' ਦੀ ਪੇਸ਼ਕਸ਼ ਲਈ ਉਤਸ਼ਾਹਿਤ ਕਰਨ;
- ਦੁਕਾਨਾਂ ਦੇ ਪਿਛਲੇ ਪ੍ਰਵੇਸ਼ ਤੇ ਬਜ਼ੁਰਗਾਂ ਲਈ ਪਾਰਕਿੰਗ ਨਿਯਤ ਕਰਨ ਲਈ ਕਾਰੋਬਾਰ ਦੇ ਮਾਲਕਾਂ/ਵਪਾਰਕ ਸੰਸਥਾਵਾਂ ਨਾਲ ਕੰਮ ਕਰਨਾ (ਜਿਵੇਂ ਕਿ ਜਿੱਥੇ ਸਟਾਫ ਪਾਰਕ ਕਰਦਾ ਹੈ ਜਾਂ ਸਮਾਨ ਨਾ ਲਿਆਉਣ ਦੇ ਸਮਿਆਂ ਲਈ)। ਇਹ ਮੁੱਖ ਮਾਰਗ ਤੱਕ ਪਹੁੰਚ ਕਰਨ ਲਈ ਕੁਝ ਦੁਕਾਨਾਂ ਵਿਚੋਂ ਲੰਘਣ ਲਈ ਗਾਹਕਾਂ ਨੂੰ ਵਾਪਸ ਜਾਣ ਲਈ ਅਪਾਹਜਤਾ ਲਈ ਪਹੁੰਚ ਵਿੱਚ ਸੁਧਾਰ ਕਰ ਸਕਦਾ ਹੈ; (ਉਦਾਹਰਣ ਲਈ, ਹਾਈ ਸਟ੍ਰੀਟ ਨਾਰਥਕੋਟ ਤੇ ਪਹੁੰਚ, ਕਾਰ ਪਾਰਕ ਤੋਂ ਆਰਥਰ ਰੋਡ);
- ਵਲੰਟੀਅਰ ਡਰਾਈਵਰ ਨਾਲ ਲਿੰਕ ਜਾਂ ਚੁੱਕਣ ਅਤੇ ਉਤਾਰਣ ਲਈ 'Uber local' ਨੂੰ ਵਿਕਸਿਤ ਕਰਨਾ (ਇਸ ਨੂੰ ਸੰਭਾਵਿਤ ਆਰਥਿਕ ਵਿਕਾਸ ਦੀ ਗਤੀਵਿਧੀ ਵੀ ਮੰਨਿਆ ਜਾ ਸਕਦਾ ਹੈ);
- ਘੱਟ ਭੀੜ ਵਾਲੇ ਸਮਿਆਂ ਵਿੱਚ ਬਜ਼ੁਰਗ ਲੋਕਾਂ ਲਈ ਮੁਫਤ ਜਨਤਕ ਟ੍ਰਾਂਸਪੋਰਟ ਦੀ ਹਿਮਾਇਤ; ਅਤੇ
- ਨਵੇਂ ਵਿਕਾਸ ਜਾਂ ਮੁੜ ਵਿਕਾਸ ਦੇ ਡਿਜ਼ਾਇਨ ਵਿੱਚ ਲੋੜ ਅਨੁਸਾਰ ਉਤਾਰਣ/ਚੜ੍ਹਾਉਣ ਲਈ ਡਰਾਈਵ ਥ੍ਰੂ ਸ਼ਾਮਲ ਕਰਨਾ।

ਭਾਈਚਾਰਕ ਆਵਾਜਾਈ

65. DCC ਬਜ਼ੁਰਗਾਂ ਦੇ ਸਮੂਹ ਨੂੰ ਫੈਲਾਉਣ ਲਈ ਜੋ ਇਸ ਦੀ ਉਪਲਬਧਤਾ ਅਤੇ ਇਸ ਨੂੰ ਕਿਵੇਂ ਵਰਤਣਾ ਹੈ ਬਾਰੇ ਜਾਣਦੇ ਹਨ, ਲਈ ਬੋਰਡਿੰਗ ਅਤੇ ਕਮਰੇ ਵਾਲੇ ਘਰ, ਜਨਤਕ ਰਿਹਾਇਸ਼ੀ ਅਤੇ ਦੂਜੇ ਕਮਜ਼ੋਰ ਸਮੂਹਾਂ ਅਤੇ Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਵਿੱਚ ਰਹਿ ਰਹੇ ਬਜ਼ੁਰਗ ਲੋਕਾਂ ਦੁਆਰਾ ਭਾਈਚਾਰਕ ਆਵਾਜਾਈ ਦੀ ਵਰਤੋਂ ਨੂੰ ਉਤਸਾਹਿਤ ਕਰਦੀ ਹੈ।

ਜਾਣਕਾਰੀ ਅਤੇ ਡਿਜਿਟਲ ਅਧਿਕਾਰ ਦੇਣਾ

ਜਾਣਕਾਰੀ ਲਈ ਸਹਿਯੋਗੀ ਪਹੁੰਚ

66. DCC ਨੇ ਇੱਕ ਨਿਰੰਤਰ ਬਜ਼ੁਰਗ ਲੋਕਾਂ ਦਾ ਸਹਿਭਾਗੀ ਜਾਣਕਾਰੀ ਪ੍ਰੋਜੈਕਟ ਸਥਾਪਿਤ ਕੀਤਾ ਹੈ।

Information Advisory Group (ਜਾਣਕਾਰੀ ਸਲਾਹਕਾਰ ਗਰੁੱਪ)

67. DCC ਨੇ ਬਜ਼ੁਰਗਾਂ ਦਾ ਇੱਕ ਜਾਣਕਾਰੀ ਸਲਾਹਕਾਰ ਗਰੁੱਪ ਸਥਾਪਿਤ ਕੀਤਾ ਹੈ, ਸਾਰੇ ਕਮਜ਼ੋਰ ਗਰੁੱਪਾਂ ਤੋਂ ਪ੍ਰਤਿਨਿਧੀਆਂ ਸਮੇਤ।

ਜਾਣਕਾਰੀ ਤੱਕ ਪਹੁੰਚਣ ਲਈ ਸਹਾਇਤਾ ਅਤੇ ਮਦਦ

68. DCC ਆਨਲਾਈਨ ਅਤੇ ਕਾਗਜ਼ੀ ਫਾਰਮਾਂ ਅਤੇ ਅਰਜ਼ੀਆਂ ਨੂੰ ਭਰਨ ਵਿੱਚ ਬਜ਼ੁਰਗਾਂ ਦੀ ਸਹਾਇਤਾ ਕਰਨ ਲਈ ਲਾਇਬ੍ਰੇਰੀਆਂ ਵਿਖੇ ਪ੍ਰਸਤਾਵਿਤ ਵਲੰਟੀਅਰ ਸੇਵਾਵਾਂ ਤੋਂ ਵਲੰਟੀਅਰਾਂ ਨੂੰ ਵਰਤਣ ਤੇ ਵਿਚਾਰ ਕਰਦਾ ਹੈ – ਨਿਯਮਿਤ ਸਪਤਾਹਿਕ ਸੈਸ਼ਨਾਂ ਦੀ ਅਜਮਾਇਸ਼ ਕੀਤੀ ਜਾ ਸਕਦੀ ਹੈ।

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ...

69. DCC ਇਹ ਯਕੀਨੀ ਬਣਾਉਣ ਲਈ ਇੱਕ ਵਿਵਸਥਿਤ ਪਹੁੰਚ ਰੱਖਦਾ ਹੈ ਕਿ ਡਿਜਿਟਲ ਮੌਕਿਆਂ ਨੂੰ ਕਮਜ਼ੋਰ ਬਜ਼ੁਰਗ ਨਾਗਰਿਕਾਂ ਤਕ ਵਧਾਇਆ ਜਾ ਸਕੇ ਜਿਹਨਾਂ ਨੂੰ ਇਸ ਵੇਲੇ ਛੱਡਿਆ ਗਿਆ ਹੈ। ਇਸ ਵਿੱਚ ਸ਼ਾਮਲ ਹਨ:

- iPads ਵਰਗੇ ਮੁਢਲੇ ਸਾਜ਼-ਸਾਮਾਨ ਦੀ ਪੂਰਤੀ;
- ਘਰ ਤੋਂ ਬਾਹਰ ਨਾ ਨਿਕਲਣ ਵਾਲੇ ਬੁੱਢੇ ਲੋਕਾਂ ਲਈ ਮੋਬਾਈਲ ਸਿਖਲਾਈ ਅਤੇ ਸਾਜ਼ੋ-ਸਾਮਾਨ ਵਿਕਸਤ ਕਰਨ ਲਈ Neighbourhood Houses (ਨੇਬਰਹੁੱਡ ਹਾਊਸਜ਼) ਨੂੰ ਸਹਾਇਤਾ ਦੇਣਾ;
- ਉਹਨਾਂ ਲੋਕਾਂ ਨੂੰ ਉਤਸ਼ਾਹਿਤ ਕਰਨ ਲਈ ਮਜ਼ਬੂਤ ਬਾਹਰਲੇ ਪ੍ਰੋਗਰਾਮਾਂ ਨੂੰ ਵਿਕਸਤ ਕਰਨਾ ਜੋ ਲਚਕੀਲੇ ਸਮਾਂਬੱਧ ਡਿਜਿਟਲ ਸਿੱਖਿਆ ਦੇ ਮੌਕਿਆਂ ਲਈ ਭਾਈਚਾਰੇ ਦੇ ਸਮੂਹਾਂ ਦੀ ਵਿਸ਼ਾਲ ਸ਼੍ਰੇਣੀ ਵਿਚ ਆਉਣ ਲਈ ਹਾਜ਼ਰ ਹੋਣ ਦੇ ਯੋਗ ਹੁੰਦੇ ਹਨ।
- Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਵਿੱਚ ਕੋਰਸ ਪ੍ਰਦਾਨ ਕਰਨੇ ਅਤੇ ਉਨ੍ਹਾਂ ਵਿਵਿਧ ਲੋੜਾਂ ਅਨੁਸਾਰ ਕੋਰਸ ਬਣਾਉਣੇ ਜਿਨ੍ਹਾਂ ਵਿੱਚ ਸੋਸ਼ਲ ਮੀਡੀਆ, ਸੰਚਾਰ ਜਿਵੇਂ ਕਿ Skype ਜਾਂ ਈਮੇਲ ਸ਼ਾਮਲ ਹੋ ਸਕਦੇ ਹਨ ਜਾਂ ਉਨ੍ਹਾਂ ਲਈ ਬਣਾਉਣੇ ਜੋ ਆਨਲਾਈਨ ਜਾਣਕਾਰੀ ਲੱਭਣੀ ਚਾਹੁੰਦੇ ਹਨ।

ਬਜ਼ੁਰਗ ਲੋਕਾਂ ਲਈ ਸਮਾਜਿਕ ਹਿੱਸੇਦਾਰੀ

ਸਥਿਤੀ ਸਬੰਧੀ ਨੁਕਸਾਨ

70. DCC, Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਵਿੱਚ ਇੱਕ ਮਾਡਲ ਦਾ ਸੰਚਾਲਨ ਕਰਦਾ ਹੈ ਜੋ ਕਿਸੇ ਕੌਂਸਿਲ ਕਰਮੀ ਨੂੰ ਬਜ਼ੁਰਗਾਂ ਲਈ ਸਮਾਜਿਕ ਗਤੀਵਿਧੀ ਪ੍ਰੋਗਰਾਮ ਨੂੰ ਚਲਾਉਣ ਦੇ ਯੋਗ ਬਣਾਉਂਦਾ ਹੈ, ਸਥਾਨਕ ਮਲਕੀਅਤੀ ਅਤੇ ਸ਼ਾਸਨ ਦੇ ਨਾਲ, ਤਾਂ ਜੋ ਆਖਿਰਕਾਰ ਇਹ ਪ੍ਰੋਗਰਾਮ ਸੇਵਾ ਦੀ ਪੇਸ਼ਕਸ਼ ਵਜੋਂ ਰਹਿਣ ਦੀ ਬਜਾਏ ਆਪਣੀ ਖੁਦ ਦੀ ਸਥਾਨਕ ਮਲਕੀਅਤ, ਨਿਯੰਤਰਣ ਅਤੇ ਸ਼ਾਸਨ ਦੇ ਨਾਲ, ਇੱਕ ਸੀਨੀਅਰਾਂ ਦੇ ਗਰੁੱਪ ਵਿੱਚ ਬਦਲ ਜਾਵੇ।

ਸਥਾਨਕ ਭਾਈਚਾਰੇ ਅਤੇ ਬਜ਼ੁਰਗਾਂ ਦੇ ਸਮੂਹਾਂ ਦਾ ਨੈਟਵਰਕ

71. DCC ਨੇ ਸਿੱਖਣ ਅਤੇ ਜਾਣਕਾਰੀ ਦੇ ਵਟਾਂਦਰੇ ਲਈ, ਸਾਰੇ ਬਜ਼ੁਰਗ ਲੋਕਾਂ ਦੇ ਕਮਿਉਨਿਟੀ ਗਰੁੱਪਾਂ ਦੇ ਮੁੱਖੀਆਂ ਨਾਲ, ਸਾਰੇ ਬਜ਼ੁਰਗ ਲੋਕਾਂ ਦੇ ਭਾਈਚਾਰਕ ਗਰੁੱਪਾਂ ਦਾ ਇੱਕ ਬਜ਼ੁਰਗ ਲੋਕਾਂ ਦਾ ਭਾਈਚਾਰਕ ਗਰੁੱਪ ਨੈਟਵਰਕ ਬਣਾਇਆ ਹੈ ਅਤੇ ਇਸ ਨੂੰ ਅੱਗੇ ਵਧਾ ਰਿਹਾ ਹੈ।

72. DCC ਬਜ਼ੁਰਗ ਲੋਕਾਂ ਦੇ ਗਰੁੱਪਾਂ ਲਈ ਉਪਲਬਧ ਜਗ੍ਹਾ ਨੂੰ ਵਧਾਉਣ ਤੇ ਵਿਚਾਰ ਕਰਦਾ ਹੈ ਜਿਨ੍ਹਾਂ ਨੂੰ ਇਸ ਰਾਹੀਂ ਇੱਕ ਸਥਾਈ ਜਗ੍ਹਾ ਤੋਂ ਫਾਇਦਾ ਹੋਵੇਗਾ:

- ਇੱਕ ਵੱਡੀ DCC ਮਲਕੀਅਤ ਵਾਲੀ ਜਗ੍ਹਾ ਦੀ ਪਛਾਣ ਕਰਨਾ ਜੋ ਘੱਟ ਵਰਤੀ ਜਾਂ ਨਾ ਵਰਤੀ ਗਈ ਹੋਵੇ ਅਤੇ ਦੋ ਛੋਟੀਆਂ DCC ਮਲਕੀਅਤ ਵਾਲੀਆਂ ਜਗ੍ਹਾਵਾਂ ਦੀ ਪਛਾਣ ਕਰਨਾ – ਜਿੰਨ੍ਹਾਂ ਵਿੱਚ ਘੱਟੋ-ਘੱਟ ਇੱਕ ਜਗ੍ਹਾ Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸੇ ਵਿੱਚ ਹੋਵੇ;
- ਤਿੰਨ ਜਗ੍ਹਾਵਾਂ ਨੂੰ ਕਈ ਦਫਤਰਾਂ/ਡੈਸਕਾਂ (ਫੋਟੋਕਾਪੀਆਂ ਆਦਿ ਸਾਂਝਾ ਕਰਨਾ) ਅਤੇ ਵੱਡੀਆਂ ਮੀਟਿੰਗਾਂ ਅਤੇ ਗਤੀਵਿਧੀ ਜਗ੍ਹਾਵਾਂ ਵਿੱਚ ਨਵਿਆਂ ਕਰਨਾ – ਇੰਨੀ ਹੋਵੇ ਕਿ ਗਰੁੱਪ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਨਿਯਤ ਕਰ ਸਕਣ;
- ਕੁਝ ਵੱਡੀਆਂ ਭਾਈਚਾਰਕ ਸੰਸਥਾਵਾਂ ਜਿਵੇਂ ਕਿ University of the Third Age (ਯੂਨੀਵਰਸਿਟੀ ਆਫ ਥਰਡ ਏਜ਼) (U3A) ਸਹਿ-ਸਾਂਝੀਆਂ ਜਗ੍ਹਾਵਾਂ ਵਿੱਚ ਸ਼ਾਖਾਵਾਂ ਬਣਾ ਸਕਣ;
- U3A ਵਰਗੀ ਸੰਸਥਾ ਜਾਂ Neighbourhood House (ਨੇਬਰਹੁੱਡ ਹਾਊਸ) ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਜਗ੍ਹਾ ਦੀ ਵਿਵਸਥਾ ਕਰਨ ਅਤੇ ਹੋਰ ਸਾਝੇ ਕਿਰਾਏਦਾਰ ਗਰੁੱਪਾਂ ਦੀ ਸਹਾਇਤਾ ਕਰਨ ਲਈ ਫੰਡ ਦਿੱਤੇ ਜਾਣੇ ਚਾਹੀਦੇ ਹਨ।

ਬਜ਼ੁਰਗਾਂ ਨੂੰ ਆਮ ਕਮਿਉਨਿਟੀ ਗਰੁੱਪਾਂ ਅਤੇ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਗ੍ਰਾਂਟ

73. DCC ਉਨ੍ਹਾਂ ਆਮ ਕਮਿਉਨਿਟੀ ਗਰੁੱਪਾਂ ਨੂੰ ਟੀਚਤ ਗ੍ਰਾਂਟਾਂ ਦਿੰਦਾ ਹੈ ਜੋ ਇਨ੍ਹਾਂ ਲਈ ਗ੍ਰਾਂਟਾਂ ਦੇ ਕੇ ਹੋਰ ਬਜ਼ੁਰਗਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਉਂਦੇ ਹਨ:

- ਖੇਡਾਂ ਅਤੇ ਮਨੋਰੰਜਨ ਲਈ ਢੁਕਵੇਂ ਸਾਧਨ;
- ਬਜ਼ੁਰਗਾਂ ਨੂੰ ਆਕਰਸ਼ਿਤ ਕਰਨ ਲਈ ਅੱਗੇ ਜਾਣਾ;
- ਮੁੱਖ ਨੇਤਾਵਾਂ ਵਜੋਂ ਬਜ਼ੁਰਗ ਲੋਕਾਂ ਦੇ ਨਾਲ ਰਚਨਾਤਮਕ ਕੰਮ ਦਾ ਵਿਕਾਸ।

74. DCC ਨਵੇਂ ਗਰੁੱਪਾਂ ਅਤੇ ਗਤੀਵਿਧੀਆਂ ਦੀ ਸਹਾਇਤਾ ਕਰਨ, ਅਤੇ ਨਾਲ ਹੀ ਬਜ਼ੁਰਗਾਂ ਨੂੰ ਅਨੁਕੂਲ ਬਣਾਉਣ ਅਤੇ ਉਹਨਾਂ ਨੂੰ ਸ਼ਾਮਲ ਕਰਨ ਲਈ ਆਮ ਭਾਈਚਾਰੇ ਦੇ ਸਮੂਹਾਂ ਦੀ ਮਦਦ ਕਰਨ ਲਈ ਛੋਟੀਆਂ ਗ੍ਰਾਂਟਾਂ ਉਪਲਬਧ ਕਰਵਾਉਂਦਾ ਹੈ। ਇਨ੍ਹਾਂ ਗ੍ਰਾਂਟਾਂ ਦਾ ਧਿਆਨ ਖਾਸ ਤੌਰ ਤੇ ਭੂਗੋਲਿਕ ਤੌਰ ਤੇ Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਵਿਚਲੇ ਸਮੂਹਾਂ ਅਤੇ ਭਾਈਚਾਰੇ ਦੀਆਂ ਗਤੀਵਿਧੀਆਂ ਦੀ ਮਦਦ ਕਰਨ ਤੇ ਹੋਣਾ ਚਾਹੀਦਾ ਹੈ।

ਬਜ਼ੁਰਗਾਂ ਦੇ ਇੱਕ ਵਾਰ ਦੇ ਤਿਉਹਾਰ ਅਤੇ ਪ੍ਰੋਗਰਾਮ

75. DCC ਬਜ਼ੁਰਗਾਂ ਦੇ ਉਨ੍ਹਾਂ ਪ੍ਰੋਗਰਾਮਾਂ ਦਾ ਸਮਰਥਨ ਕਰਦਾ ਹੈ ਜੋ ਬਜ਼ੁਰਗ ਲੋਕਾਂ ਨੂੰ ਤਿਉਹਾਰਾਂ ਅਤੇ ਪ੍ਰੋਗਰਾਮ ਪਹਿਲਕਦਮੀਆਂ ਦੀ ਅਗਵਾਈ ਕਰਨ ਲਈ ਉਤਸ਼ਾਹਿਤ ਕਰਦੇ ਹਨ।

76. DCC ਉਨ੍ਹਾਂ ਤਿਉਹਾਰਾਂ ਅਤੇ ਪ੍ਰੋਗਰਾਮਾਂ ਲਈ ਇੱਕ ਮਜ਼ਬੂਤ ਪਹੁੰਚ ਕਾਰਜਨੀਤੀ ਵਿਕਸਿਤ ਕਰਦਾ ਹੈ ਜਿੰਨ੍ਹਾਂ ਦਾ ਧਿਆਨ ਕੇਂਦਰ ਸੁਵਿਧਾਹੀਨ ਬਜ਼ੁਰਗਾਂ ਨੂੰ ਸ਼ਾਮਲ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਹਿੱਸੇਦਾਰੀ ਕੇਵਲ ਉਨ੍ਹਾਂ ਲੋਕਾਂ ਤਕ ਸੀਮਤ ਨਹੀਂ ਹੈ ਜਿਨ੍ਹਾਂ ਨੂੰ 'ਪਹਿਲਾਂ ਤੋਂ ਪਤਾ' ਹੈ।

77. DCC ਹਿੱਸੇਦਾਰੀ ਦੀ ਦਰ ਨੂੰ ਵਧਾਉਣ ਲਈ ਪ੍ਰੋਗਰਾਮਾਂ ਲਈ ਕਈ ਸਾਲਾਂ ਲਈ ਫੰਡਿੰਗ ਦੀ ਨਿਸ਼ਚਤਤਾ ਪ੍ਰਦਾਨ ਕਰਦਾ ਹੈ।

ਬਜ਼ੁਰਗ ਨਾਗਰਿਕਾਂ ਦੇ ਕਲੱਬ

78. DCC ਨੇ ਸੀਨੀਅਰ ਸਿਟੀਜ਼ਨ'ਸ ਕਲੱਬ ਦੀ ਫੰਡਿੰਗ ਲਈ ਨਵਾਂ ਮਾਡਲ ਵਿਕਸਿਤ ਕੀਤਾ ਹੈ, ਜਿਸ ਵਿੱਚ ਹੇਠ ਲਿਖੇ ਵਿਚਾਰ ਸ਼ਾਮਲ ਹੋਣੇ ਚਾਹੀਦੇ ਹਨ:

- ਪ੍ਰਤੀ ਵਿਅਕਤੀ ਮੈਂਬਰਸ਼ਿਪ ਦੇ ਆਧਾਰ ਤੇ ਫੰਡਿੰਗ ਖਤਮ ਕਰਨਾ;
- ਗਰੁੱਪ ਦੀ ਪਰਿਚਾਲਨ ਲਾਗਤ ਲਈ ਸਾਰੇ ਗਰੁੱਪਾਂ ਨੂੰ ਇੱਕ ਮੂਲ ਰਾਸ਼ੀ ਪ੍ਰਦਾਨ ਕਰਨਾ – ਮੀਟਿੰਗਾਂ, ਸ਼ਾਸਨ;
- ਸਾਰੇ ਗਰੁੱਪਾਂ ਲਈ (ਨਕਦ ਦੀ ਜਗ੍ਹਾ ਤੇ) ਉਸੇ ਤਰ੍ਹਾਂ ਨਾਲ ਵਿੱਤੀ ਆਡਿਟ ਅਤੇ ਜਨਤਕ ਦੇਣਦਾਰੀ ਬੀਮਾ ਪ੍ਰਦਾਨ ਕਰਨਾ ਜਾਰੀ ਰੱਖਣਾ;
- (ਨਕਦ ਦੀ ਜਗ੍ਹਾ ਤੇ) ਉਸੇ ਤਰ੍ਹਾਂ ਦੀ ਜਗ੍ਹਾ ਪ੍ਰਦਾਨ ਕਰਨਾ (ਅਤੇ ਜਿੱਥੇ ਬੇਨਤੀ ਕੀਤੀ ਜਾਵੇ ਦਫਤਰ/ਡੈਸਕ);
- ਬੱਸ ਦੇ ਸਫ਼ਰ ਲਈ ਸਿੱਧੇ ਸਬਸਿਡੀ ਦੇਣਾ, ਬੱਸ ਚਾਰਟਰ ਦੀ ਖਰੀਦ ਸਮੇਤ;
- ਯਕੀਨੀ ਬਣਾਉਣਾ ਕਿ ਕਮਜ਼ੋਰ ਗਰੁੱਪਾਂ ਤੋਂ ਬਜ਼ੁਰਗਾਂ ਨੂੰ ਵਿਸ਼ੇਸ਼ ਗਤੀਵਿਧੀਆਂ ਲਈ ਟੀਚਤ ਫੰਡਿੰਗ ਨਾਲ ਕਲੱਬ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨਾ;
- ਵਿਸ਼ੇਸ਼ ਪਹੁੰਚ ਗਤੀਵਿਧੀਆਂ ਅਤੇ Darebin ਖੇਤਰ ਦੇ ਧਿਆਨ ਕੇਂਦਰ ਵਾਲੀਆਂ ਮੈਂਬਰਸ਼ਿਪ ਡਰਾਈਵਾਂ ਲਈ ਵੱਖਰੀ ਫੰਡਿੰਗ (ਅਰਜ਼ੀ ਪ੍ਰਕਿਰਿਆ ਰਾਹੀਂ);
- Darebin ਦੇ ਜ਼ਿਆਦਾ ਸੁਵਿਧਾਹੀਨ ਹਿੱਸਿਆਂ ਲਈ ਵੱਖਰੀਆਂ ਫੰਡਿੰਗ (ਅਰਜ਼ੀ ਪ੍ਰਕਿਰਿਆ ਰਾਹੀਂ) ਗਤੀਵਿਧੀਆਂ;
- ਮੁੱਖ ਦਫਤਰ ਬਣਾਉਣ ਲਈ ਦਫਤਰ ਬਣਾਉਣ/ਡੈਸਕ ਰੱਖਣ ਦੇ ਯੋਗ ਹੋਣ ਲਈ ਦਿਲਚਸਪੀ ਲੈ ਰਹੇ ਸੀਨੀਅਰ ਸਿਟੀਜ਼ਨ ਗਰੁੱਪਾਂ ਲਈ ਸਹਿ-ਟਿਕਾਣਾ ਜਗ੍ਹਾਵਾਂ ਸਥਾਪਿਤ ਕਰਨ ਲਈ ਤਿੰਨ ਸਥਾਨਾਂ ਲਈ ਦੇਖਣਾ;
- ਸਥਾਨ ਪ੍ਰਬੰਧਨ, ਸਹਾਇਤਾ, ਸਹੂਲਤ, ਵਿਚੋਲਗੀ ਕਰਨ ਲਈ ਇੱਕ ਮੁੱਖ ਸੰਸਥਾ ਨੂੰ ਫੰਡ ਪ੍ਰਦਾਨ ਕਰਨਾ;
- ਉਨ੍ਹਾਂ ਬਜ਼ੁਰਗਾਂ ਦੇ ਪਹੁੰਚ ਅਤੇ ਸਮਾਵੇਸ਼ ਬਾਰੇ ਸਪਸ਼ਟ ਉਮੀਦਾਂ ਅਤੇ ਨਤੀਜਾ ਉਪਾਅ ਸਥਾਪਤ ਕਰਨਾ ਜੋ ਕਮਜ਼ੋਰ ਹਨ ਅਤੇ/ਜਾਂ ਵਰਤਮਾਨ ਸਮੇਂ ਵਿੱਚ ਅਲੱਗ-ਥਲੱਗ ਹਨ।

U3A

79. DCC U3A ਨੂੰ ਘੱਟੋ ਘੱਟ $4,000 ਦੀ ਸਲਾਨਾ DCC ਗ੍ਰਾਂਟ ਨਾਲ ਸਹਿਯੋਗ ਦਿੰਦਾ ਹੈ।

80. DCC ਭਾਈਚਾਰੇ ਵਿੱਚ ਉਨ੍ਹਾਂ ਬਜ਼ੁਰਗਾਂ ਤਕ ਪਹੁੰਚਣ ਲਈ U3A ਨੂੰ ਟੀਚਤ ਫੰਡਿੰਗ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ U3A ਬਾਰੇ ਨਹੀਂ ਪਤਾ ਅਤੇ/ਜਾਂ ਹਾਜ਼ਰ ਹੋਣ ਵਿੱਚ ਅਤੇ ਹਿੱਸੇਦਾਰੀ ਲਈ ਦੋਸਤੀ ਅਤੇ ਸਲਾਹ ਪੇਸ਼ ਕਰਨ ਵਿੱਚ ਡਰਿਆ ਮਹਿਸੂਸ ਕਰ ਸਕਦੇ ਹਨ।

81. DCC ਨੇ U3A ਤੇ ਬਜ਼ੁਰਗ ਲੋਕਾਂ ਦੇ ਭਾਈਚਾਰਕ ਸਮੂਹਾਂ ਲਈ ਸਿਫਾਰਿਸ਼ ਕੀਤੀ ਸਹਿ-ਸਥਾਪਿਤ ਜਗ੍ਹਾ ਵਿੱਚ ਸੰਭਾਵਿਤ ਮੁੱਖ ਸੰਸਥਾ ਦੇ ਰੂਪ ਵਿੱਚ ਵਿਚਾਰ ਕੀਤਾ ਹੈ।

ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ...

Men's Shed

82. DCC Darebin Men's Shed (ਮੈਨ'ਜ਼ ਸ਼ੈਡ) ਤੇ ਆਉਣ ਲਈ ਹੋਰ ਜ਼ਿਆਦਾ ਆਦਮੀਆਂ ਨੂੰ ਇਜਾਜ਼ਤ ਦੇਣ ਲਈ ਭਾਈਚਾਰਕ ਆਵਾਜਾਈ ਸਹਾਇਤਾ ਪ੍ਰਦਾਨ ਕਰਦਾ ਹੈ।

83. DCC ਨੇ Darebin ਵਿੱਚ ਇੱਕ ਨਵਾਂ Men's Shed (ਮੈਨ'ਜ਼ ਸ਼ੈਡ) ਸਥਾਪਿਤ ਕਰਨ ਤੇ ਵਿਚਾਰ ਕੀਤਾ ਹੈ, ਭੂਗੋਲਿਕ ਪਹੁੰਚ ਨੂੰ ਉਭਾਰਨ ਲਈ, ਜਾਂ ਤਾਂ Neighbourhood House (ਨੇਬਰਹੁੱਡ ਹਾਉਸ) ਨਾਲ ਜਾਂ ਪ੍ਰਸਤਾਵਿਤ ਨਵੇਂ ਸਹਿ-ਸਥਾਪਿਤ ਭਾਈਚਾਰੇ ਦੇ ਕੇਂਦਰ ਵਿਖੇ (ਸਿਫਾਰਿਸ਼ 72 ਦੇਖੋ)।

Probus (ਪ੍ਰੋਬੱਸ)

84. DCC ਨੇ ਭਾਈਚਾਰੇ ਵਿੱਚ ਉਨ੍ਹਾਂ ਬਜ਼ੁਰਗਾਂ ਤੱਕ ਪਹੁੰਚਣ ਲਈ Probus ਕਲੱਬਾਂ ਨੂੰ ਟੀਚਤ ਫੰਡਿੰਗ ਪ੍ਰਦਾਨ ਕਰਨ ਤੇ ਵਿਚਾਰ ਕੀਤਾ ਹੈ ਜਿਨ੍ਹਾਂ ਨੂੰ Probus ਬਾਰੇ ਨਹੀਂ ਪਤਾ ਅਤੇ/ਜਾਂ ਹਾਜ਼ਰ ਹੋਣ ਵਿੱਚ ਅਤੇ ਹਿੱਸੇਦਾਰੀ ਲਈ ਦੋਸਤੀ ਅਤੇ ਸਲਾਹ ਪੇਸ਼ ਕਰਨ ਵਿੱਚ ਡਰਿਆ ਮਹਿਸੂਸ ਕਰ ਸਕਦੇ ਹਨ।

ਦੇਖਭਾਲਕਰਤਾਵਾਂ ਦੇ ਗਰੁੱਪ

85. DCC ਲੈਸਬੀਅਨ, ਗੇਅ, ਬਾਇਸੈਕਸੁਅਲ, ਟ੍ਰਾਂਸਜੈਂਡਰ, ਇਨਟਰਸੈਕਸ ਅਤੇ ਕਿਊਅਰ (LGBTQI), CALD ਅਤੇ ਹੋਰ ਸਥਾਨਾਂ ਅਤੇ ਭਾਈਚਾਰਿਆਂ ਜਿਹਨਾਂ ਕੋਲ ਦੇਖਭਾਲ ਕਰਨ ਵਾਲੇ ਗਰੁੱਪ ਨਹੀਂ ਹਨ ਲਈ ਨਵੇਂ ਦੇਖਭਾਲਕਰਤਾ ਗਰੁੱਪਾਂ ਦੇ ਵਿਕਾਸ ਦੇ ਸਮਰਥਨ ਵਿਚ DCC ਦੇ ਨਾਲ ਸਾਂਝੇ ਕਰਨ ਲਈ Carers Victoria ਨੂੰ ਸ਼ੁਰੂ ਕਰਨ ਬਾਰੇ ਵਿਚਾਰ ਕਰਦਾ ਹੈ।

ਸੋਗ ਗਰੁੱਪ

86. DCC ਨੁਕਸਾਨ ਤੋਂ ਸੋਗ ਦਾ ਅਨੁਭਵ ਕਰਨ ਵਾਲੇ ਬਜ਼ੁਰਗ ਲੋਕਾਂ ਲਈ ਦੁਖਦਾਈ ਸਮੂਹਾਂ ਦੇ ਫਾਇਦਿਆਂ ਦਾ ਪਤਾ ਲਗਾਉਣ ਲਈ DCC ਨਾਲ ਸਹਿਯੋਗ ਕਰਨ ਲਈ Compassionate Friends ਨੂੰ ਸ਼ੁਰੂ ਕਰਨ ਬਾਰੇ ਵਿਚਾਰ ਕਰਦਾ ਹੈ।

Neighbourhood Houses (ਨੇਬਰਹੁੱਡ ਹਾਉਸਜ਼)

87. ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ DCC ਇੱਕ ਵਿਸ਼ੇਸ਼ Neighbourhood House (ਨੇਬਰਹੁੱਡ ਹਾਉਸਜ਼) ਬਜ਼ੁਰਗ ਲੋਕਾਂ ਦੇ ਸਮਾਵੇਸ਼ ਦੀ ਕਾਰਜਨੀਤੀ ਨੂੰ ਵਿਕਸਿਤ ਕਰਨ ਦੇ ਨਜ਼ਰੀਏ ਨਾਲ ਬਜ਼ੁਰਗ ਹਿੱਸੇਦਾਰਾਂ ਦਾ ਨਿਰੀਖਣ ਅਤੇ ਸਰਵੇਖਣ ਕਰਨ ਲਈ Neighbourhood Houses (ਨੇਬਰਹੁੱਡ ਹਾਉਸਜ਼) ਨਾਲ ਕੰਮ ਕਰੇ।

88. ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ DCC Neighbourhood Houses (ਨੇਬਰਹੁੱਡ ਹਾਉਸਜ਼) ਅਤੇ DCC ਤੋਂ ਬਜ਼ੁਰਗਾਂ ਅਤੇ ਪ੍ਰਤਿਨਿਧੀਆਂ ਵਾਲੇ ਮੈਂਬਰਾਂ ਨਾਲ ਬਜ਼ੁਰਗ ਲੋਕਾਂ ਦੇ Neighbourhood House (ਨੇਬਰਹੁੱਡ ਹਾਉਸਜ਼) ਦੇ ਸਮਾਵੇਸ਼ ਕਾਰਜਨੀਤੀ ਸਲਾਹਕਾਰ ਕਮੇਟੀ ਨੂੰ ਸਥਾਪਿਤ ਕਰਨ ਲਈ Neighbourhood Houses (ਨੇਬਰਹੁੱਡ ਹਾਉਸਜ਼) ਨਾਲ ਭਾਈਵਾਲੀ ਕਰੇ।

89. ਇਸ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਬਜ਼ੁਰਗਾਂ ਲਈ ਸਹਾਇਤਾ ਅਤੇ/ਜਾਂ Neighbourhood Houses (ਨੇਬਰਹੁੱਡ ਹਾਉਸਜ਼) ਗਤੀਵਿਧੀਆਂ ਵਿੱਚ ਬਜ਼ੁਰਗ ਭਾਗੀਦਾਰਾਂ ਦੀ ਗਿਣਤੀ ਨੂੰ ਵਧਾਉਣ ਦੇ ਟੀਚੇ ਲਈ DCC ਨੂੰ Neighbourhood Houses (ਨੇਬਰਹੁੱਡ ਹਾਉਸਜ਼) ਤੋਂ ਕੀਤੀਆਂ ਗਈਆਂ ਗਤੀਵਿਧੀਆਂ ਤੇ ਸਾਲਾਨਾ ਰਿਪੋਰਟਾਂ ਮਿਲਣ।

ਆਨਲਾਈਨ ਭਾਈਚਾਰਕ ਸਮੂਹ ਅਤੇ ਗਤੀਵਿਧੀਆਂ

90. DCC ਨੇ ਆਨਲਾਈਨ ਭਾਈਚਾਰਕ ਸਮੂਹਾਂ ਅਤੇ ਗਤੀਵਿਧੀਆਂ ਨਾਲ ਜੁੜਣ ਅਤੇ ਡਿਜਿਟਲ ਵੰਡ ਦੇ ਅੰਤਰ ਨੂੰ ਮਿਟਾਉਣ ਲਈ ਸਾਰੇ ਆਮਦਨ ਪੱਧਰਾਂ ਅਤੇ ਪਿਛੋਕੜਾਂ ਤੋਂ ਬਜ਼ੁਰਗਾਂ ਨੂੰ ਸਮਰੱਥ ਬਣਾਉਣ ਅਤੇ ਉਤਸ਼ਾਹਿਤ ਕਰਨ ਦੇ ਉਦੇਸ਼ ਨੂੰ ਅਪਣਾਇਆ ਹੈ।

91. DCC ਨੇ ਇੱਕ ਆਨਲਾਈਨ ਭਾਈਚਾਰਕ ਕਾਰਜਨੀਤੀ ਵਿਕਸਿਤ ਕੀਤੀ ਹੈ, ਲਾਗੂ ਕਰਨ ਦੇ ਘਟਨਾਕ੍ਰਮ ਸਮੇਤ।

ਲਾਇਬ੍ਰੇਰੀਆਂ

92. DCC ਘਰ ਤੋਂ ਬਾਹਰ ਨਾ ਨਿਕਲਣ ਵਾਲੇ ਨਿਵਾਸੀਆਂ ਲਈ ਆਪਣੇ ਸਮਰਥਨ ਨੂੰ ਵਧਾਉਣ ਲਈ ਖੁਦ ਘਰ ਆਉਣ ਵਾਲੀ ਲਾਇਬ੍ਰੇਰੀ ਸੇਵਾ ਲਈ ਫੰਡ ਦਿੰਦਾ ਹੈ।

93. DCC ਦੀ ਨਵੀਂ ਲਾਇਬ੍ਰੇਰੀਆਂ ਦੀ ਕਾਰਜਨੀਤੀ ਬਜ਼ੁਰਗਾਂ ਦੀਆਂ ਲੋੜਾਂ ਤੇ ਦ੍ਰਿੜਤਾਪੂਰਵਕ ਵਿਚਾਰ ਕਰਦੀ ਹੈ ਖਾਸ ਕਰਕੇ ਉਨ੍ਹਾਂ ਦੇ ਰਿਹਾਇਸ਼ੀ ਸਥਾਨ ਅਤੇ ਭੂਗੋਲਿਕ ਪਹੁੰਚ ਦੇ ਰੂਪ ਵਿੱਚ।

ਵਲੰਟੀਅਰ ਸਵੈ-ਸੇਵਕ

94. DCC ਭਾਈਚਾਰੇ ਵਿੱਚ ਦੂਜਿਆਂ ਲਈ ਯੋਗਦਾਨ ਪਾਉਣ ਲਈ ਬਜ਼ੁਰਗਾਂ ਅਤੇ ਸਾਰੀਆਂ ਉਮਰਾਂ ਦੇ ਲੋਕਾਂ ਲਈ ਮੌਕਾ ਪ੍ਰਦਾਨ ਕਰਨ ਲਈ ਸਵੈ-ਸੇਵਕ ਪ੍ਰੋਗਰਾਮ ਸਥਾਪਿਤ ਕਰਦੀ ਹੈ।

95. DCC ਦਾ ਵਲੰਟੀਅਰ ਪ੍ਰੋਗਰਾਮ ਬਜ਼ੁਰਗ ਵਲੰਟੀਅਰਾਂ ਸਮੇਤ, ਵਲੰਟੀਅਰਾਂ ਲਈ ਸਿਖਲਾਈ ਅਤੇ ਸਹਾਇਤਾ ਦੇ ਨਾਲ ਪਛਾਣ, ਭਰਤੀ, ਜਾਣਕਾਰੀ ਦੇਣ ਅਤੇ ਸਹਿਯੋਗ ਦੇਣ ਦਾ ਕੰਮ ਕਰਦਾ ਹੈ।

ਅਗਲੇ ਕਦਮ

ਲਾਗੂ ਕਰਨਾ, ਨਿਗਰਾਨੀ ਅਤੇ ਰਿਪੋਰਟ ਕਰਨਾ

96. DCC ਇੱਕ ਬਹੁ-ਸੰਗਠਿਤ ਪ੍ਰੋਜੈਕਟ ਕੰਟਰੋਲ ਗਰੁੱਪ ਸਥਾਪਿਤ ਕਰਦਾ ਹੈ, ਜਿਸ ਕੋਲ ਲਾਗੂ ਕਰਨ ਦੀ ਜ਼ੁੰਮੇਵਾਰੀ ਹੁੰਦੀ ਹੈ। ਪ੍ਰੋਜੈਕਟ ਕੰਟਰੋਲ ਗਰੁੱਪ ਨੂੰ:

- DCC ਦੀ ਦੀ ਕਾਰਜਕਾਰੀ ਲੀਡਰਸ਼ਿਪ ਟੀਮ ਦੇ ਜਨਰਲ ਮੈਨੇਜਰ ਦੁਆਰਾ ਪ੍ਰਧਾਨਗੀ ਅਤੇ ਇਸ ਦੇ ਨਾਲ ਉਮਰ ਦੇ ਅਨੁਕੂਲ Darebin ਦੇ ਵਿਕਾਸ ਦੀ ਨਿਗਰਾਨੀ ਕਰਨ ਲਈ ਉਚਿਤ ਅਨੁਭਵ, ਜਾਣਕਾਰੀ ਅਤੇ ਅਧਿਕਾਰ ਨਾਲ DCC ਦੇ ਅਫਸਰ ਸ਼ਾਮਲ ਕੀਤੇ ਗਏ;
- ਤਰਜੀਹ ਦੇਣ, ਉਪਾਅ ਕਰਨ ਅਤੇ ਉਮਰ ਦੇ ਅਨੁਕੂਲ Darebin ਦੀਆਂ ਪਹਿਲਕਦਮੀਆਂ ਅਤੇ ਗਤੀਵਿਧੀਆਂ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਕੌਂਸਿਲ ਲਈ ਸਲਾਹ ਪ੍ਰਦਾਨ ਕਰਨਾ ਅਤੇ ਵਿਚਾਰ ਕਰਨਾ; ਅਤੇ
- ਨਿਯਮਿਤ ਸਲਾਹ-ਮਸ਼ਵਰਾ ਕਰਨਾ ਅਤੇ DCC ਦੇ ਹੇਠ ਲਿਖਿਆਂ ਤੋਂ ਸਲਾਹ ਲੈਣਾ:
  - Active and Healthy Ageing Advisory Board (ਸਰਗਰਮ ਅਤੇ ਤੰਦਰੁਸਤ ਸਲਾਹਕਾਰ ਬੋਰਡ)
  - Older Persons Community Group Network (ਬਜ਼ੁਰਗ ਲੋਕਾਂ ਦਾ ਭਾਈਚਾਰਕ ਸਮੂਹ ਨੈਟਵਰਕ)
  - Information Advisory Group (ਜਾਣਕਾਰੀ ਸਲਾਹਕਾਰ ਗਰੁੱਪ)
  - Older Person Open Space Audit Advisory Team (ਓਲਡਰ ਪਰਸਨ ਓਪਨ ਸਪੇਸ ਆਡਿਟ ਅਡਵਾਈਜ਼ਰੀ ਟੀਮ)
  - Older Persons' Neighbourhood House Inclusion Strategy Advisory Committee (ਓਲਡਰ ਪਰਸਨ'ਜ਼ ਨੇਬਰਹੁੱਡ ਹਾਉਸ ਇਨਕਲੂਜ਼ਨ ਸਟਰੇਟਜੀ ਅਡਵਾਇਸਰੀ ਕਮੇਟੀ)

97. ਕ੍ਰਾਸ-ਸੰਗਠਿਤ ਪ੍ਰੋਜੈਕਟ ਕੰਟਰੋਲ ਗਰੁੱਪ ਕੌਂਸਿਲ ਨੂੰ ਕੌਂਸਿਲ ਦੇ 2017-2021 ਉਦੇਸ਼ਾਂ ਲਈ ਪ੍ਰਾਪਤੀਆਂ ਦੀ ਨਿਗਰਾਨੀ ਦੇ ਹਿੱਸੇ ਵਜੋਂ ਸਾਲਾਨਾ ਉਮਰ ਦੇ ਅਨੁਕੂਲ Darebin ਬਣਾਉਣ ਪ੍ਰਤੀ ਸਹਿਮਤ ਵਚਨਬੱਧਤਾ ਵੱਲ ਪ੍ਰਗਤੀ ਤੇ ਰਿਪੋਰਟ ਕਰਦਾ ਹੈ, ਖਾਸ ਕਰਕੇ:

- **ਉਦੇਸ਼ 2:** ਆਪਣੇ ਭਾਈਚਾਰੇ ਵਿੱਚ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਨੂੰ ਚੰਗੀ ਤਰ੍ਹਾਂ ਜਿਉਣ ਲਈ ਮੌਕੇ ਦੇ ਕੇ ਉਹਨਾਂ ਦੀ ਭਲਾਈ ਨੂੰ ਬਿਹਤਰ ਬਣਾਉਣਾ;
- **ਉਦੇਸ਼ 3:** ਇਹ ਯਕੀਨੀ ਬਣਾਉਣਾ ਕਿ ਸਾਡੀ ਯੋਜਨਾ ਪ੍ਰਣਾਲੀ ਸਾਡੇ ਸਮਾਜ ਲਈ ਸਮਾਜਿਕ, ਵਾਤਾਵਰਣ ਸਬੰਧੀ ਅਤੇ ਆਰਥਿਕ ਲਾਭਾਂ ਨੂੰ ਕੱਢਣ ਵਾਲੀ ਉੱਚ ਗੁਣਵੱਤਾ ਅਤੇ ਟਿਕਾਊ ਵਿਕਾਸ ਦੀ ਸਹੂਲਤ ਦਿੰਦੀ ਹੈ; ਅਤੇ
- **ਉਦੇਸ਼ 5:** ਨਿਰਪੱਖਤਾ ਵਿੱਚ ਅੱਗੇ ਹੋਣਾ ਅਤੇ ਭਵਿੱਖ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਲਈ ਸਾਡੀ ਸਭ ਤੋਂ ਵੱਡੀ ਸੰਪਤੀ ਦੇ ਰੂਪ ਵਿੱਚ ਸਾਡੇ ਵਿਭਿੰਨ ਭਾਈਚਾਰੇ ਨੂੰ ਮਾਨਤਾ ਦੇਣਾ।

98. ਇਹਨਾਂ ਉਦੇਸ਼ਾਂ ਦੇ ਵਿਰੁੱਧ ਰਿਪੋਰਟ ਕਰਦੇ ਸਮੇਂ ਬਹੁ-ਸੰਗਠਿਤ ਪ੍ਰੋਜੈਕਟ ਕੰਟਰੋਲ ਗਰੁੱਪ ਨੂੰ ਕੌਂਸਿਲ ਨੂੰ ਹੇਠ ਲਿਖਿਆਂ ਤੇ ਸਲਾਹ ਪ੍ਰਦਾਨ ਕਰਨੀ ਚਾਹੀਦੀ ਹੈ:

- ਉਮਰ ਦੇ ਅਨੁਕੂਲ Darebin ਨੂੰ ਯਕੀਨੀ ਬਣਾਉਣ ਵਿੱਚ ਪ੍ਰਗਤੀ ਅਤੇ ਚੁਣੌਤੀਆਂ; ਅਤੇ
- ਉਨ੍ਹਾਂ ਨਵੇਂ ਮੁੱਦਿਆਂ ਨੂੰ ਸੰਬੋਧਿਤ ਕਰਨ ਲਈ ਉਚਿਤ ਕਾਰਵਾਈਆਂ ਜੋ DCC ਦੀਆਂ ਉਮਰ ਦੇ ਅਨੁਕੂਲ Darebin ਦੀਆਂ ਵਚਨਬੱਧਤਾਵਾਂ ਨੂੰ ਪੂਰਾ ਕਰਨ ਲਈ ਇਸ ਦੀ ਯੋਗਤਾ ਤੇ ਪ੍ਰਭਾਵ ਪਾ ਸਕਦੀਆਂ ਹਨ।

ਕਮਿਉਨਿਟੀ ਮੈਂਬਰ 10 ਅਪ੍ਰੈਲ ਤੋਂ 15 ਮਈ 2019 ਤੱਕ ਡਰਾਫਟ ਰਿਪੋਰਟ ਤੇ ਵਾਪਸੀ ਸਲਾਹ ਦੇ ਸਕਦੇ ਹਨ।

ਆਪਣੀ ਗੱਲ ਕਹੋ ਅਤੇ ਹੇਠ ਲਿਖੇ ਰਾਹੀਂ ਕੌਂਸਿਲ ਕੋਲ ਲਿਖਤੀ ਵਿਚਾਰ ਦਿਓ:

- **ਈਮੇਲ** – to AgeFriendly@Darebin.vic.gov.au
- **ਪੱਤਰ** - to City of Darebin,
  Aged and Disability Department,
  PO Box 91, Preston VIC 3072

ਡਰਾਫਟ ਰਿਪੋਰਟ 'ਤੇ ਸਲਾਹ ਮਸ਼ਵਰੇ ਤੋਂ ਬਾਅਦ, ਪੈਨਲ ਭਾਈਚਾਰੇ ਦੀ ਵਾਪਸੀ ਸਲਾਹ ਦੀ ਸਮੀਖਿਆ ਕਰੇਗਾ ਅਤੇ ਅੰਤਿਮ ਰਿਪੋਰਟ ਤਿਆਰ ਕਰੇਗਾ।

ਫੇਰ ਅੰਤਿਮ ਰਿਪੋਰਟ ਜੁਲਾਈ 2019 ਵਿਚ ਇਕ ਕੌਂਸਿਲ ਦੀ ਮੀਟਿੰਗ ਵਿਚ Darebin ਕੌਂਸਲਰਾਂ ਕੋਲ ਰਸਮੀ ਰੂਪ ਵਿਚ ਪੇਸ਼ ਕੀਤੀ ਜਾਵੇਗੀ।